ਸੋਮਵਾਰ, 13 ਅਪ੍ਰੈਲ, 2026
31 ਚੇਤ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 74
ਅੰਕ/NO. : 312

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 13 APRIL, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਟਰੰਪ ਵੱਲੋਂ ਹਾਰਮੁਜ਼ ਦੀ ਨਾਕਾਬੰਦੀ ਦੀ ਧਮਕੀ



ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨਿਆ ਕਿ ਅਮਰੀਕੀ ਨੇਵੀ ਹੁਣ ਹਾਰਮੁਜ਼ ਜਲਡਮਰੂ ਤੋਂ ਲੰਘਣ ਵਾਲੇ ਜਹਾਜ਼ਾਂ ਦੀ ਨਾਕਾਬੰਦੀ ਕਰੇਗੀ। ਜਿਹੜਾ ਜਹਾਜ਼ ਈਰਾਨ ਨੂੰ ਟੋਲ ਟੈਕਸ ਦੇ ਕੇ ਲੰਘੇਗਾ, ਉਸ ਨੂੰ ਸੁਰੱਖਿਅਤ ਰਾਹ ਨਹੀਂ ਦਿੱਤਾ ਜਾਵੇਗਾ। ਇਸ ਨਾਲ ਈਰਾਨ ਦੀ ਆਰਥਕ ਤਾਕਤ ਕਮਜ਼ੋਰ ਹੋਵੇਗੀ। ਈਰਾਨ ਪਹਿਲਾਂ ਹੀ ਕਹਿ ਚੁੱਕਾ ਹੈ ਕਿ ਜਹਾਜ਼ਾਂ ਨੂੰ ਈਰਾਨੀ ਕਰੰਸੀ ਰਿਆਲ ਵਿੱਚ ਟੈਕਸ ਦੇਣਾ ਪਵੇਗਾ। ਇਸੇ ਦੌਰਾਨ ਅਮਰੀਕਾ ਨਾਲ ਇਸਲਾਮਾਬਾਦ ਵਿੱਚ ਗੱਲਬਾਤ ਟੁੱਟਣ ਤੋਂ ਬਾਅਦ ਈਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕਿਆਨ ਨੇ ਰੂਸੀ ਰਾਸ਼ਟਰਪਤੀ ਪੁਤਿਨ ਨਾਲ ਗੱਲਬਾਤ ਕੀਤੀ ਹੈ।

ਈਰਾਨ ਦੇ ਮੁੱਖ ਵਾਰਤਾਕਾਰ ਅਤੇ ਸੰਸਦ ਦੇ ਸਪੀਕਰ ਮੁਹੰਮਦ ਬਾਕਰ ਗ਼ਾਲੀਬਾਫ ਨੇ ਕਿਹਾ ਹੈ ਕਿ ਅਮਰੀਕਾ ਗੱਲਬਾਤ ਦੌਰਾਨ ਈਰਾਨ ਦਾ ਵਿਸ਼ਵਾਸ ਜਿੱਤਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਿਹਾ ਹੈ। ਉਨ੍ਹਾ ਸੋਸ਼ਲ ਮੀਡੀਆ 'ਤੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਈਰਾਨ ਨੇ ਕਈ ਸਾਰਥਕ ਸੁਝਾਅ ਦਿੱਤੇ ਸਨ, ਪਰ ਪੁਰਾਣੀਆਂ ਜੰਗਾਂ ਦੇ ਤਜਰਬਿਆਂ ਕਾਰਨ ਉਨ੍ਹਾਂ ਨੂੰ ਅਮਰੀਕਾ 'ਤੇ ਰਤਾ ਵੀ ਭਰੋਸਾ ਨਹੀਂ। ਉਨ੍ਹਾਂ ਸਪੱਸ਼ਟ ਕੀਤਾ ਕਿ ਈਰਾਨ ਆਪਣੇ ਹੱਕਾਂ ਲਈ ਫ਼ੌਜੀ ਤਾਕਤ ਦੇ ਨਾਲ-ਨਾਲ ਮਜ਼ਬੂਤ ਡਿਪਲੋਮੇਸੀ ਦੀ ਵਰਤੋਂ ਜਾਰੀ ਰੱਖੇਗਾ।

ਦੂਜੇ ਪਾਸੇ, ਅਮਰੀਕੀ ਵਫਦ ਦੀ ਅਗਵਾਈ ਕਰ ਰਹੇ ਉਪ-ਰਾਸ਼ਟਰਪਤੀ ਜੇ ਡੀ ਵਾਂਸ ਨੇ ਕਿਹਾ ਕਿ ਸ਼ਾਂਤੀ ਸਮਝੌਤਾ ਨਾ ਹੋਣ ਦਾ ਮੁੱਖ ਕਾਰਨ ਈਰਾਨ ਵੱਲੋਂ ਆਪਣੇ ਪ੍ਰਮਾਣੂ ਪ੍ਰੋਗਰਾਮ ਨੂੰ ਨਾ ਤਿਆਗਣਾ ਹੈ। ਈਰਾਨ ਨੇ ਅਮਰੀਕੀ ਫ਼ੌਜਾਂ ਦੀ ਵਾਪਸੀ, ਪਾਬੰਦੀਆਂ ਹਟਾਉਣ ਅਤੇ ਹਾਰਮੁਜ਼ ਜਲ ਮਾਰਗ 'ਤੇ ਕੰਟਰੋਲ ਵਰਗੀਆਂ 10 ਮੁੱਖ ਮੰਗਾਂ ਰੱਖੀਆਂ ਸਨ। ਇਸ ਗੱਲਬਾਤ ਦੇ ਨਾਕਾਮ ਹੋਣ ਨਾਲ ਹੁਣ ਵਿਸ਼ਵ ਊਰਜਾ ਬਾਜ਼ਾਰ ਅਤੇ ਦੋ ਹਫ਼ਤਿਆਂ ਤੋਂ ਚੱਲ ਰਹੀ ਜੰਗਬੰਦੀ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਖੜ੍ਹੇ ਹੋ ਗਏ ਹਨ। ਈਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਘੇਈ ਨੇ ਕਿਹਾ ਕਿ 40 ਦਿਨਾਂ ਦੀ ਜੰਗ ਤੋਂ ਬਾਅਦ ਅਜਿਹੀਆਂ ਸਥਿਤੀਆਂ ਵਿੱਚ ਇਹ ਉਮੀਦ ਕਰਨਾ ਗਲਤ ਸੀ ਕਿ ਸਿਰਫ ਇੱਕ ਗੇੜ ਦੀ ਗੱਲਬਾਤ ਨਾਲ ਕੋਈ ਵਿਆਪਕ ਸਮਝੌਤਾ ਹੋ ਜਾਵੇਗਾ। ਬਘੇਈ ਅਨੁਸਾਰ, ਲਗਭਗ 25 ਘੰਟਿਆਂ ਤੱਕ ਚੱਲੀ ਇਸ ਲੰਮੀ ਚਰਚਾ ਦੌਰਾਨ ਕਈ ਮੁੱਦਿਆਂ 'ਤੇ ਸਹਿਮਤੀ ਤਾਂ ਬਣੀ, ਪਰ 2 ਤੋਂ 3 ਮੁੱਖ ਮੁੱਦਿਆਂ 'ਤੇ ਡੂੰਘੇ ਮਤਭੇਦ ਅਜੇ ਵੀ ਬਰਕਰਾਰ ਹਨ। ਉਨ੍ਹਾਂ ਇਸ ਗੱਲਬਾਤ ਨੂੰ ਪਿਛਲੇ ਇੱਕ ਸਾਲ ਦੀ ਸਭ ਤੋਂ ਲੰਮੀ ਡਿਪਲੋਮੈਟਿਕ ਕੋਸ਼ਿਸ਼ ਦੱਸਿਆ। ਈਰਾਨ ਦਾ ਮੰਨਣਾ ਹੈ ਕਿ ਇਹ ਨਤੀਜਾ ਕੋਈ 'ਫੇਲ੍ਹ' ਹੋਣਾ ਨਹੀਂ, ਸਗੋਂ ਇਹ ਇੱਕ ਲੰਮੀ ਪ੍ਰਕਿਰਿਆ ਦਾ ਹਿੱਸਾ ਹੈ। ਹਾਲਾਂਕਿ ਕਿਸੇ ਅੰਤਮ ਫੈਸਲੇ 'ਤੇ ਨਹੀਂ ਪਹੁੰਚਿਆ ਜਾ ਸਕਿਆ, ਪਰ ਕੁਝ ਮੁੱਦਿਆਂ 'ਤੇ ਬਣੀ ਸੀਮਤ ਸਹਿਮਤੀ ਇਹ ਸੰਕੇਤ ਦਿੰਦੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਗੱਲਬਾਤ ਦੇ ਹੋਰ ਦੌਰ ਚੱਲ ਸਕਦੇ ਹਨ।

ਇਸੇ ਦੌਰਾਨ ਪਾਕਿਸਤਾਨ ਨੇ ਦੋਵਾਂ ਦੇਸ਼ਾਂ ਨੂੰ ਜੰਗਬੰਦੀ ਦੇ ਆਪਣੇ ਵਾਅਦੇ 'ਤੇ ਕਾਇਮ ਰਹਿਣ ਦੀ ਅਪੀਲ ਕੀਤੀ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਇਸਹਾਕ ਡਾਰ ਨੇ ਕਿਹਾ ਕਿ ਹਾਲਾਂਕਿ ਕੋਈ ਰਸਮੀ ਸਮਝੌਤਾ ਨਹੀਂ ਹੋ ਸਕਿਆ, ਪਰ ਉਹ ਉਮੀਦ ਕਰਦੇ ਹਨ ਕਿ ਇਸ ਗੱਲਬਾਤ ਨੇ ਭਵਿੱਖ ਵਿੱਚ ਸੰਵਾਦ ਜਾਰੀ ਰੱਖਣ ਲਈ ਇੱਕ ਰਾਹ ਪੱਧਰਾ ਕੀਤਾ ਹੈ। ਡਾਰ ਨੇ ਦੱਸਿਆ ਕਿ ਜੇ ਡੀ ਵਾਂਸ ਅਤੇ ਈਰਾਨੀ ਸੰਸਦ ਦੇ ਸਪੀਕਰ ਮੁਹੰਮਦ ਬਘੇਰ ਗ਼ਾਲੀਬਾਫ ਦੀ ਅਗਵਾਈ ਹੇਠ 24 ਘੰਟਿਆਂ ਤੋਂ ਵੱਧ ਸਮੇਂ ਤੱਕ 'ਗੰਭੀਰ ਅਤੇ ਉਸਾਰੂ' ਚਰਚਾ ਹੋਈ। ਪਾਕਿਸਤਾਨ ਦੇ ਫੌਜ ਮੁਖੀ ਜਨਰਲ ਆਸਿਮ ਮੁਨੀਰ ਨੇ ਵੀ ਇਨ੍ਹਾਂ ਗੱਲਬਾਤਾਂ ਨੂੰ ਨੇਪਰੇ ਚਾੜ੍ਹਨ ਵਿੱਚ ਅਹਿਮ ਭੂਮਿਕਾ ਨਿਭਾਈ। ਡਾਰ ਨੇ ਜ਼ੋਰ ਦੇ ਕੇ ਕਿਹਾ ਕਿ ਖੇਤਰੀ ਸਥਿਰਤਾ ਲਈ ਇਹ ਬਹੁਤ ਜ਼ਰੂਰੀ ਹੈ ਕਿ ਦੋਵੇਂ ਪੱਖ ਸੰਜਮ ਤੋਂ ਕੰਮ ਲੈਣ ਅਤੇ ਜੰਗਬੰਦੀ ਨੂੰ ਟੁੱਟਣ ਨਾ ਦੇਣ। ਉਨ੍ਹਾ ਮੁਤਾਬਕ

• ਬਾਕੀ ਸਫਾ 2 'ਤੇ

## ਹਰ ਪੀੜ੍ਹੀ ਦੇ ਦਿਲਾਂ 'ਤੇ ਰਾਜ ਕਰਨ ਵਾਲੀ ਤੁਰ ਗਈ



ਮੁੰਬਈ : ਮਹਾਨ ਗਾਇਕਾ ਆਸ਼ਾ ਭੋਸਲੇ ਦਾ 92 ਸਾਲ ਦੀ ਉਮਰ ਵਿੱਚ ਐਤਵਾਰ ਇੱਥੇ ਦੇ ਹਸਪਤਾਲ ਵਿੱਚ ਦੇਹਾਂਤ ਹੋ ਗਿਆ ਹੈ। ਉਨ੍ਹਾਂ ਨੂੰ ਛਾਤੀ ਵਿੱਚ ਇਨਫੈਕਸ਼ਨ, ਥਕਾਵਟ ਅਤੇ ਦਿਲ ਦੀਆਂ ਤਕਲੀਫ਼ਾਂ ਕਾਰਨ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਆਪਣੇ ਦਹਾਕਿਆਂ ਲੰਮੇ ਕੈਰੀਅਰ ਵਿੱਚ ਕਈ ਪੀੜ੍ਹੀਆਂ ਦੇ ਦਿਲਾਂ 'ਤੇ ਰਾਜ ਕੀਤਾ।

ਆਸ਼ਾ ਭੋਸਲੇ ਆਪਣੇ ਪਿੱਛੇ ਪੁੱਤਰ ਆਨੰਦ ਅਤੇ ਪੋਤੇ-ਪੋਤੀਆਂ ਛੱਡ ਗਏ ਹਨ। ਆਸ਼ਾ ਨੇ ਸਰੋਤਿਆਂ ਨੂੰ 'ਆਜਾ, ਆਜਾ' ਵਰਗੇ ਗੀਤਾਂ 'ਤੇ ਨਚਾਇਆ ਅਤੇ 'ਚੈਨ ਸੇ ਹਮ ਕੋ ਕਭੀ' ਰਾਹੀਂ ਗੁਆਚੇ ਪਿਆਰ ਦਾ ਦਰਦ ਮਹਿਸੂਸ ਕਰਵਾਇਆ। ਆਸ਼ਾ ਭੋਸਲੇ ਨੇ ਅੱਠ ਦਹਾਕਿਆਂ ਤੋਂ ਵੱਧ ਲੰਮੇ ਸਫ਼ਰ ਦੌਰਾਨ ਲਗਭਗ 12,000 ਗੀਤ ਰਿਕਾਰਡ ਕੀਤੇ। ਉਨ੍ਹਾਂ ਮਹਿਜ਼ 10 ਸਾਲ ਦੀ ਉਮਰ ਵਿੱਚ ਮਰਾਠੀ ਫਿਲਮ 'ਮਾਝਾ ਬਾਲ' ਤੋਂ ਗਾਇਕੀ ਦੀ ਸ਼ੁਰੂਆਤ ਕੀਤੀ ਸੀ। ਉਹ ਆਲਮੀ ਸੰਗੀਤ ਦੇ ਇਤਿਹਾਸ ਵਿੱਚ ਸਭ ਤੋਂ ਲੰਮੇ ਸਮੇਂ ਤੱਕ ਗਾਉਣ ਵਾਲੀ ਗਾਇਕਾ ਬਣੇ।

ਆਸ਼ਾ ਨੂੰ ਅੱਜ ਵੀ 'ਉਮਰਾਓ ਜਾਨ' ਦੀਆਂ ਗ਼ਜ਼ਲਾਂ ਲਈ ਯਾਦ ਕੀਤਾ ਜਾਂਦਾ ਹੈ। ਉਨ੍ਹਾ ਇਸ ਫਿਲਮ ਲਈ ਨੈਸ਼ਨਲ ਫਿਲਮ ਐਵਾਰਡ ਜਿੱਤਿਆ ਸੀ। ਪਹਿਲਾਂ ਉਨ੍ਹਾ ਓ ਪੀ ਨਈਅਰ ਨਾਲ ਮਿਲ ਕੇ ਜੋਸ਼ੀਲੇ ਗੀਤ ਗਾਏ ਅਤੇ ਬਾਅਦ ਵਿੱਚ ਆਰ ਡੀ ਬਰਮਨ ਨਾਲ ਮਿਲ ਕੇ ਹਰ ਤਰ੍ਹਾਂ ਦੀਆਂ ਭਾਵਨਾਵਾਂ ਨਾਲ ਭਰੇ ਯਾਦਗਾਰੀ ਗੀਤ ਦਿੱਤੇ। ਆਸ਼ਾ ਦੇ ਸਭ ਤੋਂ ਮਸ਼ਹੂਰ ਗੀਤਾਂ ਵਿੱਚ 'ਅਭੀ ਨਾ ਜਾਓ ਛੋੜ ਕਰ', 'ਇਨ ਆਂਖੋਂ ਕੀ ਮਸਤੀ', 'ਦਿਲ ਚੀਜ਼ ਕਿਆ ਹੈ', 'ਪੀਆ ਤੂ ਅਬ ਤੋ ਆਜਾ', 'ਦੁਨੀਆ ਮੇਂ ਲੋਗੋਂ ਕੋ' ਅਤੇ 'ਜ਼ਰਾ ਸਾ ਝੂਮ ਲੂੰ ਮੈਂ' ਸ਼ਾਮਲ ਹਨ। ਸਾਲ 2023 ਵਿੱਚ ਉਨ੍ਹਾਂ ਆਪਣੇ 90ਵੇਂ ਜਨਮ ਦਿਨ ਮੌਕੇ ਦੁਬਈ ਵਿੱਚ ਰੱਖੇ ਗਏ ਇੱਕ ਖਾਸ ਪ੍ਰੋਗਰਾਮ 'ਆਸ਼ਾ ਐਟ 90: ਲਾਈਵ ਇਨ ਕੰਸਰਟ' ਵਿੱਚ ਸ਼ਾਨਦਾਰ ਪੇਸ਼ਕਾਰੀ ਦਿੱਤੀ ਸੀ।

8 ਸਤੰਬਰ 1933 ਨੂੰ ਮਹਾਰਾਸ਼ਟਰ ਦੇ ਸਾਂਗਲੀ ਵਿੱਚ ਜਨਮੀ ਆਸ਼ਾ ਭੋਸਲੇ ਨੂੰ ਉਨ੍ਹਾਂ ਦੀ ਭੈਣ ਲਤਾ ਮੰਗੇਸ਼ਕਰ ਵਾਂਗ ਹੀ ਸੰਗੀਤ ਦੀ ਸਿੱਖਿਆ ਦਿੱਤੀ ਗਈ ਸੀ। ਚਾਰ ਭੈਣਾਂ ਵਿੱਚੋਂ ਲਤਾ, ਊਸ਼ਾ ਅਤੇ ਆਸ਼ਾ ਪਲੇਬੈਕ ਗਾਇਕਾ ਸਨ, ਜਦਕਿ ਮੀਨਾ ਸੰਗੀਤਕਾਰ ਹੈ। ਇਸੇ ਤਰ੍ਹਾਂ ਉਨ੍ਹਾਂ ਦਾ ਭਰਾ ਹਿਰਦੇਨਾਥ ਮੰਗੇਸ਼ਕਰ ਵੀ ਸੰਗੀਤ ਨਾਲ ਜੁੜੇ ਹੋਏ ਹਨ। ਬਹੁਤ ਸਾਰੇ ਸਨਮਾਨ ਹਾਸਲ ਕਰਨ ਵਾਲੀ ਆਸ਼ਾ ਭੋਸਲੇ ਇੱਕ ਸਫਲ ਕਾਰੋਬਾਰੀ ਵੀ ਸਨ ਅਤੇ ਦੁਬਈ ਤੇ ਯੂ ਕੇ ਵਿੱਚ 'ਆਸ਼ਾ' ਨਾਂਅ ਦੇ ਮਸ਼ਹੂਰ ਰੈਸਟੋਰੈਂਟ ਚਲਾਉਂਦੇ ਸਨ। ਉਨ੍ਹਾ ਆਪਣੇ ਕੈਰੀਅਰ ਵਿੱਚ ਦਾਦਾ ਸਾਹਿਬ ਫਾਲਕੇ, ਪਦਮ ਵਿਭੂਸ਼ਣ ਅਤੇ ਨੈਸ਼ਨਲ ਐਵਾਰਡ ਸਮੇਤ ਕਈ ਵੱਡੇ ਸਨਮਾਨ ਜਿੱਤੇ।

## ਮਾਨ ਵੱਲੋਂ ਬਠਿੰਡਾ-ਤਲਵੰਡੀ ਸਾਬੋ ਰੇਲ ਲਿੰਕ ਦਾ ਸੁਝਾਅ

ਤਲਵੰਡੀ ਸਾਬੋ (ਜਗਦੀਪ ਗਿੱਲ)

ਖਾਲਸੇ ਦੇ ਜਨਮ ਦਿਹਾੜੇ ਮੇਲਾ ਵਿਸਾਖੀ ਉਪਰ ਨਤਮਸਤਕ ਹੋਣ ਆਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਬਠਿੰਡਾ ਤੋਂ ਤਲਵੰਡੀ ਸਾਬੋ ਤੱਕ ਨਵੇਂ ਰੇਲ ਲਿੰਕ ਦਾ ਸੁਝਾਆ ਪੇਸ਼ ਕੀਤਾ। ਕੇਂਦਰ ਵੱਲੋਂ ਮਾਨਸਾ ਜ਼ਿਲ੍ਹੇ ਦੇ ਸੱਦਾ ਸਿੰਘ ਵਾਲਾ ਪਿੰਡ ਤੋਂ ਤਲਵੰਡੀ ਸਾਬੋ ਲਾਗਲੇ ਪੈਂਦੇ ਪਿੰਡ ਬੰਗੀ ਨਿਹਾਲ ਸਿੰਘ ਵਾਲਾ ਤੱਕ ਪ੍ਰਸਤਾਵਿਤ ਰੇਲ ਲਿੰਕ ਪ੍ਰਚਾਰਿਆ ਜਾ ਰਿਹਾ ਹੈ। ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਇਸ ਦੀ ਰਸਮੀ ਪ੍ਰਵਾਨਗੀ ਦੀ ਗੱਲ ਕਹਿ ਚੁੱਕੇ ਹਨ। ਇਹ ਰੇਲ ਲਿੰਕ ਲਗਭਗ 42 ਕਿਲੋਮੀਟਰ ਲੰਮਾ ਦੱਸਿਆ ਜਾ ਰਿਹਾ ਹੈ, ਜਦੋਂ ਕਿ ਮੁੱਖ ਮੰਤਰੀ ਨੇ ਬਠਿੰਡਾ ਤੋਂ ਤਖਤ ਸ੍ਰੀ ਦਮਦਮਾ ਸਾਹਿਬ ਤੱਕ ਦੇ 20 ਕਿਲੋਮੀਟਰ ਲੰਮੇ ਇਕ ਹੋਰ ਲਿੰਕ ਦੀ ਗੱਲ ਕਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਟਨਾ ਸਾਹਿਬ ਤੋਂ ਹਜ਼ੂਰ ਸਾਹਿਬ ਨੰਦੇੜ ਤੱਕ ਪਹਿਲਾ ਹੀ ਰੇਲ ਲਿੰਕ ਮੌਜੂਦ ਹੈ। ਹਜ਼ੂਰ ਸਾਹਿਬ ਤੋਂ ਦਮਦਮਾ ਸਾਹਿਬ ਤਲਵੰਡੀ ਸਾਬੋ ਆਉਣ ਲਈ ਜੇਕਰ ਬਠਿੰਡਾ ਤੋਂ ਦਮਦਮਾ ਸਾਹਿਬ ਤੱਕ ਇਕ 20 ਕਿਲੋਮੀਟਰ ਲੰਮਾ ਨਵਾਂ ਰੇਲ ਲਿੰਕ ਬਣਾ ਦਿੱਤਾ ਜਾਵੇ ਤਾਂ ਇਹ ਵਧੀਆ ਗੱਲ ਹੋਵੇਗੀ। ਉਹਨਾ ਕਿਹਾ ਕਿ ਉਹ ਦਾਅਵਾ ਕਰਦੇ ਹਨ ਕਿ ਉਸ ਟਰੇਨ ਵਿੱਚ ਫੁੱਲ ਤੇ ਐਡਵਾਂਸ ਬੁਕਿੰਗ ਹੋਇਆ ਕਰੇਗੀ। ਮੁੱਖ ਮੰਤਰੀ ਨੇ ਜਿਹੜੇ ਰੇਲ ਲਿੰਕ ਦਾ ਜ਼ਿਕਰ ਕੀਤਾ ਹੈ, ਉਹ ਤਰਕਪੂਰਨ, ਆਮ ਲੋਕਾਂ ਤੇ ਕਿਸਾਨਾਂ ਦੇ ਮਨਭਾਉਂਦਾ ਹੋ ਸਕਦਾ ਹੈ, ਪ੍ਰੰਤੂ ਇਹ ਵੇਖਣਾ ਹੁਣ ਭਵਿੱਖ ਦੇ ਗਰਭ ਵਿੱਚ ਹੋਵੇਗਾ ਕਿ ਅਮਲ ਬਿੱਟੂ ਵੱਲੋਂ ਬਿਆਨੇ ਸੱਦਾ ਸਿੰਘ ਵਾਲਾ (ਮਾਨਸਾ) ਤੋਂ ਬੰਗੀ ਕਲਾਂ ਵਾਲੇ ਲਿੰਕ ਉਪਰ ਹੋਵੇਗਾ ਜਾਂ ਮੁੱਖ ਮੰਤਰੀ ਵਾਲੇ ਬਠਿੰਡਾ ਤੋਂ ਦਮਦਮਾ ਸਾਹਿਬ ਵਾਲੇ 20 ਕਿਲੋਮੀਟਰ ਦੇ ਰੇਲ ਲਿੰਕ ਉਪਰ।ਸਬ-ਡਵੀਜ਼ਨਲ ਕਚਹਿਰੀ ਦੀ ਨਵੀਂ ਬਿਲਡਿੰਗ ਦਾ ਉਦਘਾਟਨ ਕਰਨ ਤੋਂ ਪਹਿਲਾਂ ਮੁੱਖ ਮੰਤਰੀ ਨੇ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਨਤਮਸਤਕ ਹੋ ਕੇ ਖਾਲਸੇ ਦੇ ਜਨਮ ਦਿਹਾੜੇ ਮੇਲਾ ਵਿਸਾਖੀ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਉਨ੍ਹਾ ਨਾਲ ਹਲਕਾ ਵਿਧਾਇਕ (ਚੀਫ ਵ੍ਹਿੱਪ) ਪ੍ਰੋਫੈਸਰ ਬਲਜਿੰਦਰ ਕੌਰ ਸਮੇਤ ਪਾਰਟੀ ਅਤੇ ਸਰਕਾਰ ਦੇ ਬਹੁਤ ਸਾਰੇ ਆਗੂ ਤੇ ਵਰਕਰ ਮੌਜੂਦ ਸਨ।

## ਇੱਕ ਘੰਟੇ ਦਾ ਸਫਰ 15 ਮਿੰਟ 'ਚ

ਨਵੀਂ ਦਿੱਲੀ : ਦਿੱਲੀ ਅਤੇ ਗੁਰੂਗ੍ਰਾਮ ਵਿਚਕਾਰ ਰੋਜ਼ਾਨਾ ਟਰੈਫਿਕ ਜਾਮ ਤੋਂ ਛੁਟਕਾਰਾ ਦਿਵਾਉਣ ਲਈ ਕੇਂਦਰ ਸਰਕਾਰ ਨੇ ਵੱਡੀ ਯੋਜਨਾ ਤਿਆਰ ਕੀਤੀ ਹੈ, ਜਿਸ ਤਹਿਤ ਮਹਿਰੌਲੀ-ਗੁਰੂਗ੍ਰਾਮ (ਐੱਮ ਜੀ) ਰੋਡ ਸਮੇਤ ਤਿੰਨ ਮੁੱਖ ਹਾਈਵੇਅ ਨੂੰ ਸਿਗਨਲ-ਫ੍ਰੀ (ਬਿਨਾਂ ਲਾਲ ਬੱਤੀ) ਬਣਾਇਆ ਜਾਵੇਗਾ।

ਇਸ ਨਾਲ ਭੀੜ ਵਾਲੇ ਸਮੇਂ ਦੌਰਾਨ ਇੱਕ ਘੰਟੇ ਦਾ ਸਫਰ ਘਟ ਕੇ ਸਿਰਫ 15 ਮਿੰਟ ਦਾ ਰਹਿ ਜਾਵੇਗਾ। ਕੇਂਦਰੀ ਰਾਜ ਮੰਤਰੀ ਹਰਸ਼ ਮਲਹੋਤਰਾ ਨੇ ਦੱਸਿਆ ਕਿ ਆਸ਼ਰਮ-ਬਦਰਪੁਰ ਅਤੇ ਮਹਿਰੌਲੀ-ਗੁਰੂਗ੍ਰਾਮ ਵਰਗੇ ਇਲਾਕਿਆਂ ਵਿੱਚ ਕਈ ਫਲਾਈ ਓਵਰ ਅਤੇ ਨਵੇਂ ਇੰਟਰਚੇਂਜ ਬਣਾਏ ਜਾਣਗੇ।

ਇਸ ਦੇ ਨਾਲ ਹੀ ਗੁਰੂਗ੍ਰਾਮ ਦੇ ਇਫਕੋ ਚੌਕ ਨੂੰ ਇੱਕ ਵੱਡਾ ਟ੍ਰਾਂਜ਼ਿਟ ਹੱਬ ਬਣਾਇਆ ਜਾ ਰਿਹਾ ਹੈ। ਐੱਮ-ਜੀ ਰੋਡ ਤੋਂ ਲਾਲ ਬੱਤੀਆਂ ਹਟਾ ਦਿੱਤੀਆਂ ਜਾਣਗੀਆਂ, ਤਾਂ ਜੋ ਗੱਡੀਆਂ ਬਿਨਾਂ ਰੁਕੇ ਚੱਲ ਸਕਣ। ਮਾਹਰਾਂ ਦਾ ਮੰਨਣਾ ਹੈ ਕਿ ਸਫਰ ਸੌਖਾ ਹੋਣ ਕਾਰਨ ਗੁਰੂਗ੍ਰਾਮ ਵਿੱਚ ਕਿਰਾਏ ਦੇ ਮਕਾਨਾਂ ਦੀ ਮੰਗ ਵਧੇਗੀ ਅਤੇ ਦਿੱਲੀ ਵਿੱਚ ਕੰਮ ਕਰਨ ਵਾਲੇ ਲੋਕ ਗੁਰੂਗ੍ਰਾਮ ਰਹਿਣਾ ਪਸੰਦ ਕਰਨਗੇ।

## ਹੋਣਹਾਰ ਵਿਦਿਆਰਥਣਾਂ ਦਾ ਸਨਮਾਨ

ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ, ਕ੍ਰਿਸ਼ਨ ਗਰਗ)



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੀ 'ਸਿੱਖਿਆ ਕ੍ਰਾਂਤੀ' ਜ਼ਮੀਨੀ ਪੱਧਰ 'ਤੇ ਨਤੀਜੇ ਦੇ ਰਹੀ ਹੈ ਅਤੇ ਆਮ ਪਰਵਾਰਾਂ ਦੀਆਂ ਧੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅੱਠਵੀਂ ਜਮਾਤ ਦੀ ਮੈਰਿਟ ਸੂਚੀ ਵਿੱਚ ਪਹਿਲੇ 20 ਵਿੱਚੋਂ 19 ਸਥਾਨ ਪ੍ਰਾਪਤ ਕਰ ਕੇ ਦਬਦਬਾ ਬਣਾਇਆ ਹੈ। ਆਪਣੇ ਗ੍ਰਹਿ ਸਥਾਨ 'ਤੇ ਮੋਹਰੀ ਵਿਦਿਆਰਥੀਆਂ ਦਾ ਸਨਮਾਨ ਕਰਦੇ ਹੋਏ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਅੱਵਲ ਰਹੇ 20 ਵਿਦਿਆਰਥੀਆਂ ਨੂੰ ਬਿਨਾਂ ਕਿਸੇ ਦਾਖਲਾ ਪ੍ਰੀਖਿਆ ਦੇ ਸਕੂਲ ਆਫ਼ ਐਮੀਨੈਂਸ ਵਿੱਚ ਸਿੱਧਾ ਦਾਖਲਾ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲਿਆਂ ਨੂੰ 50-50 ਹਜ਼ਾਰ ਰੁਪਏ ਦੇ ਨਕਦ ਇਨਾਮ ਨਾਲ ਸਨਮਾਨਤ ਕੀਤਾ। ਮੁੱਖ ਮੰਤਰੀ ਨੇ ਕਿਹਾ, 'ਇਸ ਸਾਲ ਦੇ ਨਤੀਜਿਆਂ ਵਿੱਚ ਪਹਿਲਾ ਸਥਾਨ ਇੱਟਾਂ ਦੇ ਭੱਠੇ 'ਤੇ ਕੰਮ ਕਰਨ ਵਾਲੇ ਮੁਨੀਮ ਦੀ ਹੋਣਹਾਰ ਧੀ ਨੇ ਪ੍ਰਾਪਤ ਕੀਤਾ ਹੈ, ਜਦੋਂ ਕਿ ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਟਾਈਲਾਂ ਦੀ ਦੁਕਾਨ ਦੇ ਮਾਲਕ ਅਤੇ ਇੱਕ ਸਰਕਾਰੀ ਪ੍ਰਾਇਮਰੀ ਸਕੂਲ ਦੇ ਅਧਿਆਪਕ ਦੀਆਂ ਧੀਆਂ ਨੇ ਪ੍ਰਾਪਤ ਕੀਤਾ ਹੈ। ਸਰਸਵਤੀ ਸੀਨੀਅਰ ਸੈਕੰਡਰੀ ਸਕੂਲ ਜੈਤੋ (ਫਰੀਦਕੋਟ) ਦੀ ਤਮੰਨਾ ਨੇ 600 ਵਿੱਚੋਂ 600 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ, ਸਰਕਾਰੀ ਮਿਡਲ ਸਕੂਲ ਅੜਕਵਾਸ (ਸੰਗਰੂਰ) ਦੀ ਜਪਨੀਤ ਕੌਰ ਨੇ 598 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਸੰਤ ਮੋਹਨ ਦਾਸ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਕੋਟ ਸੁਖੀਆ (ਫਰੀਦਕੋਟ) ਦੀ ਜਸ਼ਨਦੀਪ ਕੌਰ ਨੇ 598 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਮੁੱਖ ਮੰਤਰੀ ਮਾਨ ਨੇ ਮਾਣ ਨਾਲ ਕਿਹਾ ਕਿ ਇਹ ਤਿੰਨੋਂ ਵਿਦਿਆਰਥਣਾਂ ਸੂਬਾਈ ਅਤੇ ਕੌਮੀ ਪੱਧਰ ਦੀਆਂ ਅਥਲੀਟ ਵੀ ਹਨ।

### ਸਾਰਾ ਅਰਜੁਨ ਬਣੇਗੀ ਮਧੂਬਾਲਾ



ਮੁੰਬਈ : ਅਦਾਕਾਰਾ ਮਧੂਬਾਲਾ ਦੀ ਜ਼ਿੰਦਗੀ 'ਤੇ ਬਣਨ ਵਾਲੀ ਬਾਇਓਪਿਕ ਵਿੱਚ ਮੁੱਖ ਭੂਮਿਕਾ 'ਧੁਰੰਧਰ' ਫੇਮ ਅਦਾਕਾਰਾ ਸਾਰਾ ਅਰਜੁਨ ਨਿਭਾਏਗੀ। ਫਿਲਮ ਦਾ ਨਿਰਮਾਣ ਮਸ਼ਹੂਰ ਫਿਲਮਸਾਜ਼ ਸੰਜੇ ਲੀਲਾ ਭੰਸਾਲੀ ਅਤੇ ਨਿਰਦੇਸ਼ਨ ਜਸਮੀਤ ਕੇ ਰੀਨ (ਜਿਨ੍ਹਾ ਆਲੀਆ ਭੱਟ ਨਾਲ 'ਡਾਰਲਿੰਗਜ਼' ਬਣਾਈ ਸੀ) ਵੱਲੋਂ ਕੀਤਾ ਜਾਵੇਗਾ। ਭੰਸਾਲੀ ਦਾ ਮੰਨਣਾ ਹੈ ਕਿ ਸਾਰਾ ਵਿੱਚ ਉਹ ਖਾਸ ਖਿੱਚ, ਗੰਭੀਰਤਾ ਅਤੇ ਮਧੂਬਾਲਾ ਵਰਗੀ ਨਜ਼ਾਕਤ ਹੈ, ਜੋ ਇਸ ਕਿਰਦਾਰ ਲਈ ਬੇਹੱਦ ਜ਼ਰੂਰੀ ਹੈ।

### ਕੰਬਾਈਨ ਦੀ ਲਪੇਟ 'ਚ ਆਉਣ ਨਾਲ ਦੋ ਦੀ ਮੌਤ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ ਉਤੇ ਸ਼ਹਿਰ ਦੇ ਸ਼ਹੀਦ ਊਧਮ ਸਿੰਘ ਚੌਕ ਸੰਗਰੂਰ ਰੋਡ ਕੈਂਚੀਆਂ ਵਿੱਚ ਬੇਕਾਬੂ ਕੰਬਾਈਨ ਦੀ ਲਪੇਟ ਵਿੱਚ ਆਉਣ ਨਾਲ ਇੱਕ ਨੌਜਵਾਨ ਕੁੜੀ ਅਤੇ ਟੈਂਪੂ ਚਾਲਕ ਫ਼ਲ ਵਿਕਰੇਤਾ ਦੀ ਮੌਤ ਹੋ ਗਈ। ਐਤਵਾਰ ਬਾਅਦ ਦੁਪਹਿਰੇ ਵਾਪਰੇ ਇਸ ਹਾਦਸੇ ਦਾ ਪਤਾ ਲੱਗਦਿਆਂ ਹੀ ਸੜਕ ਸੁਰੱਖਿਆ ਫੋਰਸ ਅਤੇ ਸਿਟੀ ਪੁਲਸ ਕਰਮਚਾਰੀਆਂ ਨੇ ਕੰਬਾਈਨ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ, ਜਦੋਂ ਕਿ ਕੰਬਾਈਨ ਚਾਲਕ ਮੌਕੇ ਤੋਂ ਫਰਾਰ ਹੋ ਗਏ। ਕੰਬਾਈਨ ਜਦੋਂ ਕੈਂਚੀਆਂ ਤੋਂ ਲੰਘ ਰਹੀ ਸੀ ਤਾਂ ਸੰਗਰੂਰ ਵਾਲੇ ਪਾਸੇ ਮੁੜਦੇ ਸਮੇਂ ਅਚਾਨਕ ਬੇਕਾਬੂ ਹੋ ਗਈ। ਇਸ ਦੌਰਾਨ ਪਿੰਡ ਰਾਏਧਰਾਣਾ ਦੀ ਬੱਸ ਦੇ ਇੰਤਜ਼ਾਰ ਵਿੱਚ ਖੜ੍ਹੀ 17 ਸਾਲਾ ਰਜਨੀ, ਚੌਕ ਵਿੱਚ ਟੈਂਪੂ ਉੱਤੇ ਖੜ ਕੇ ਫ਼ਲ ਵੇਚ ਰਿਹਾ ਰਜਿੰਦਰ ਕੁਮਾਰ ਤੇ ਇੱਕ ਹੋਰ ਰੇਹੜੀ ਚਾਲਕ ਕੰਬਾਈਨ ਦੀ ਲਪੇਟ ਵਿੱਚ ਆ ਗਏ। ਰਜਿੰਦਰ ਕੁਮਾਰ ਦੀ ਮੌਕੇ ਉਤੇ ਹੀ ਮੌਤ ਹੋ ਗਈ। ਰਜਨੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੋਂ ਡਾਕਟਰਾਂ ਉਸ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਪਟਿਆਲਾ ਰੈਫਰ ਕਰ ਦਿੱਤਾ, ਜਿੱਥੇ ਜਾਂਦਿਆਂ ਰਾਹ 'ਚ ਉਸ ਦੀ ਵੀ ਮੌਤ ਹੋ ਗਈ, ਜਦੋਂ ਕਿ ਰੇਹੜੀ ਚਾਲਕ ਦੇ ਮਾਮੂਲੀ ਸੱਟਾਂ ਲੱਗੀਆਂ।

## ਕਾਮਰੇਡ ਸੁਤੰਤਰ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਲੋੜ : ਅਰਸ਼ੀ



ਗੁਰਦਾਸਪੁਰ : ਭਾਰਤੀ ਕਮਿਊਨਿਸਟ ਪਾਰਟੀ ਦੇ ਉੱਘੇ ਆਗੂ ਅਤੇ ਮੁਜ਼ਾਰਾ ਲਹਿਰ ਦੇ ਨਿਧੜਕ ਯੋਧੇ ਕਾਮਰੇਡ ਤੇਜਾ ਸਿੰਘ ਸੁਤੰਤਰ ਅਤੇ ਉਹਨਾਂ ਦੇ ਭਰਾ ਆਜ਼ਾਦੀ ਘੁਲਾਟੀਏ ਮੇਦਨ ਸਿੰਘ ਮੇਦਨ ਦੀ ਬਰਸੀ ਐਤਵਾਰ ਉਹਨਾਂ ਦੇ ਜੱਦੀ ਪਿੰਡ ਅਕਾਲਗੜ੍ਹ ਅਲੂਣਾ ਵਿਖੇ ਉਹਨਾਂ ਦੀ ਯਾਦਗਾਰ 'ਤੇ ਝੰਡਾ ਝੁਲਾ ਕਿ ਭਾਰਤੀ ਕਮਿਊਨਿਸਟ ਪਾਰਟੀ ਅਤੇ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਮਨਾਈ ਗਈ।

ਇਸ ਮੌਕੇ ਇਕੱਠੇ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਉੱਘੇ ਆਗੂ ਹਰਦੇਵ ਸਿੰਘ ਅਰਸ਼ੀ ਸਾਬਕਾ ਵਿਧਾਇਕ ਨੇ ਕਾਮਰੇਡ ਤੇਜਾ ਸਿੰਘ ਸੁਤੰਤਰ ਅਤੇ ਮੇਦਨ ਸਿੰਘ ਮੇਦਨ ਦੇ ਸੰਘਰਸ਼ਸ਼ੀਲ ਜੀਵਨ ਬਾਰੇ ਚਾਨਣਾ ਪਾਇਆ। ਉਹਨਾ ਕਾਮਰੇਡ ਸੁਤੰਤਰ ਵੱਲੋਂ ਦੇਸ਼ ਦੀ ਆਜ਼ਾਦੀ ਲਹਿਰ ਅੰਦਰ ਪਾਏ ਯੋਗਦਾਨ ਅਤੇ ਖਾਸ ਕਰਕੇ ਮੁਜ਼ਾਰਾ ਲਹਿਰ ਅੰਦਰ ਮਾਲਵੇ ਅੰਦਰ ਲੜੇ ਗਏ ਜ਼ਮੀਨੀ ਘੋਲ ਅੰਦਰ ਨਿਭਾਈ ਗਈ ਭੂਮਿਕਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਦੁਨੀਆ ਦੇ ਇਤਿਹਾਸ ਅੰਦਰ ਘੱਟੋ-ਘੱਟ ਨੁਕਸਾਨ ਕਰਵਾ ਕੇ ਮੁਜ਼ਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ। ਉਹਨਾ ਪਾਰਲੀਮੈਂਟ ਮੈਂਬਰ ਹੁੰਦਿਆਂ ਜਿਸ ਤਰ੍ਹਾਂ ਲੋਕਾਂ ਦੇ ਮਸਲੇ ਪਾਰਲੀਮੈਂਟ ਅੰਦਰ ਪੇਸ਼ ਕੀਤੇ ਅਤੇ ਆਖਰੀ ਸਮੇਂ ਤੱਕ ਇਮਾਨਦਾਰੀ ਦੀ ਜੋ ਮਿਸਾਲ ਪੇਸ਼ ਕੀਤੀ, ਉਹ ਅੱਜ ਦੇ ਰਾਜਨੀਤਕ ਆਗੂਆਂ ਅੰਦਰ ਖੰਭ ਲਾ ਕਿ ਉੱਡ ਚੁੱਕੀ ਹੈ। ਉਹਨਾ ਕਿਹਾ ਕਿ ਅੱਜ ਸੁਤੰਤਰ ਹੁਰਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕਿ ਲੋਕ ਘੋਲਾਂ ਅੰਦਰ ਹਿੱਸਾ ਲੈਣਾ ਚਾਹੀਦਾ ਹੈ।

ਸੀ ਪੀ ਆਈ ਲਿਬਰੇਸ਼ਨ ਦੇ ਸੂਬਾ ਸਕੱਤਰ ਗੁਰਮੀਤ ਸਿੰਘ ਬਖਤਪੁਰਾ ਨੇ ਕਿਹਾ ਕਿ ਕਾਮਰੇਡ ਸੁਤੰਤਰ ਇਕੱਲਾ ਪੰਜਾਬ ਜਾਂ ਭਾਰਤ ਦਾ ਹੀ ਨਹੀਂ, ਉਹ ਇੱਕ ਕੌਮਾਤਰੀ ਕਮਿਊਨਿਸਟ ਆਗੂ ਸੀ, ਜਿਸ ਨੂੰ ਬਾਰਾਂ ਭਾਸ਼ਾਵਾਂ ਦਾ ਅਤੇ ਗੁਰੀਲਾ ਯੁੱਧ ਦਾ ਗਿਆਨ ਸੀ। ਉਹਨਾ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਈਰਾਨ ਉਪਰ ਕੀਤੇ ਫੌਜੀ ਹਮਲੇ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਕਿਹਾ ਕਿ ਇਹ ਜੰਗ ਸਾਮਰਾਜੀਆਂ ਵੱਲੋਂ ਈਰਾਨ ਦੇ ਤੇਲ 'ਤੇ ਕਬਜ਼ੇ ਕਰਨ ਲਈ ਲੜੀ ਜਾ ਰਹੀ ਹੈ। ਉਹਨਾ ਈਰਾਨ ਦੇ ਬਹਾਦਰ ਲੋਕਾਂ ਦੀ ਦੇਸ਼ ਭਗਤੀ ਨੂੰ ਸਲਾਮ ਕਰਦਿਆਂ ਕਿਹਾ ਕਿ ਇਹ ਜੰਗ ਤੁਰੰਤ ਬੰਦ ਹੋਣੀ ਚਾਹੀਦੀ ਹੈ।

ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਸਕੱਤਰ ਲਖਬੀਰ ਸਿੰਘ ਨਿਜ਼ਾਮਪੁਰ ਨੇ ਕਿਹਾ ਕਿ ਕਾਮਰੇਡ ਸੁਤੰਤਰ ਜਥੇਬੰਦੀ ਦੇ ਰਾਸ਼ਟਰੀ ਪ੍ਰਧਾਨ ਰਹੇ। ਉਹਨਾ ਦੀ ਅਗਵਾਈ ਹੇਠ ਜਥੇਬੰਦੀ ਨੇ ਵੱਡੇ ਸੰਘਰਸ਼ ਲੜੇ ਅਤੇ ਸਫਲਤਾ ਪ੍ਰਾਪਤ ਕੀਤੀ। ਇਸ ਮੌਕੇ ਜਮਹੂਰੀ ਕਿਸਾਨ ਸਭਾ ਦੇ ਆਗੂ ਜਗਜੀਤ ਸਿੰਘ ਕਲਾਨੌਰ, ਕਿਰਤੀ ਕਿਸਾਨ ਯੂਨੀਅਨ ਦੇ ਸਤਿਬੀਰ ਸਿੰਘ ਮੁਲਤਾਨੀ, ਮੰਗਲ ਸਿੰਘ ਖਜਾਲਾ ਖੇਤ ਮਜ਼ਦੂਰ ਸਭਾ ਦੇ ਆਗੂ ਨੇ ਵੀ ਸੰਬੋਧਨ ਕੀਤਾ। ਜ਼ਿਲ੍ਹਾ ਪਾਰਟੀ ਵੱਲੋਂ ਕਿਸਾਨ ਆਗੂ ਬਲਦੇਵ ਸਿੰਘ ਖਹਿਰਾ ਨੇ ਮਤੇ ਪੇਸ਼ ਕਰਦਿਆਂ ਅਮਰੀਕਾ-ਇਜ਼ਰਾਈਲ ਵੱਲੋਂ ਈਰਾਨ ਦੇ ਬਹਾਦਰ ਲੋਕਾਂ 'ਤੇ ਕੀਤੇ ਹਮਲੇ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਭਾਰਤ ਸਰਕਾਰ ਇਜ਼ਰਾਈਲ ਵੱਲੋਂ ਜੰਗਬੰਦੀ ਦੀ ਉਲੰਘਣਾ ਕਰਕੇ ਲਿਬਨਾਨ 'ਤੇ ਕੀਤੇ ਹਮਲੇ ਦੀ ਨਿੰਦਾ ਕਰਦਿਆਂ ਉਸ ਦੇ ਨਾਲ ਰਾਜਨੀਤਕ ਸੰਬੰਧ ਤੁਰੰਤ ਖਤਮ ਕਰੇ। ਬੇਮੌਸਮੀ ਬਾਰਸ਼ ਅਤੇ ਗੜੇਮਾਰੀ ਨਾਲ ਹੋਏ ਨੁਕਸਾਨ ਦੀ ਪੰਜਾਬ ਸਰਕਾਰ 50,000 ਰੁਪਏ ਪ੍ਰਤੀ ਏ ਕ ੜ

• ਬਾਕੀ ਸਫਾ 2 'ਤੇ

## ਟਰੈਫਿਕ ਇੰਚਾਰਜ ਮੁਅੱਤਲ

ਬਟਾਲਾ : ਕਥਿਤ ਤੌਰ 'ਤੇ ਰਿਸ਼ਵਤ ਮੰਗਣ ਦੀ ਵੀਡੀਓ ਵਾਇਰਲ ਹੋਣ 'ਤੇ ਐੱਸ ਐੱਸ ਪੀ ਡਾ. ਮਹਿਤਾਬ ਸਿੰਘ ਨੇ ਬਟਾਲਾ ਪੁਲਸ ਦੇ ਟ੍ਰੈਫਿਕ ਇੰਚਾਰਜ ਸਤਿੰਦਰ ਕੁਮਾਰ ਨੂੰ ਮੁਅੱਤਲ ਕਰਕੇ ਪੁਲਸ ਲਾਈਨਜ਼ ਭੇਜ ਦਿੱਤਾ ਹੈ।

ਵੀਡੀਓ ਵਿੱਚ ਟਰੈਫਿਕ ਇੰਚਾਰਜ ਕਹਿ ਰਿਹਾ ਹੈ ਕਿ ਪੰਜ ਹਜ਼ਾਰ ਰੁਪਏ ਮਹੀਨਾ ਦੇਵੋ ਅਤੇ ਜੋ ਮਰਜ਼ੀ ਕਰੋ। ਡੀ ਐੱਸ ਪੀ ਤਜਿੰਦਰਪਾਲ ਸਿੰਘ ਗੋਰਾਇਆ ਨੇ ਦੱਸਿਆ ਕਿ ਐੱਸ ਪੀ ਡੀ ਸੰਦੀਪ ਕੁਮਾਰ ਵਡੇਰਾ ਨੇ ਇਸ ਸੰਬੰਧੀ ਵਿਭਾਗੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ 15 ਦਿਨਾਂ ਵਿੱਚ ਜਾਂਚ ਪੂਰੀ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

## ਸੋਲਰ ਲਾਈਟਾਂ ਲਾਉਣ ਦਾ ਕੰਮ ਜੂਨ ਤੋਂ : ਅਮਨ ਅਰੋੜਾ



ਜਲੰਧਰ : ਨਵੀਂ ਅਤੇ ਨਵਿਆਉਣ ਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਐਤਵਾਰ ਇੱਥੇ ਪੱਤਰਕਾਰਾਂ ਨੂੰ ਦੱਸਿਆ ਕਿ ਸੂਬੇ ਦੇ ਸਾਰੇ ਪਿੰਡਾਂ ਵਿੱਚ 3 ਲੱਖ ਤੋਂ ਵੱਧ ਸੋਲਰ ਲਾਈਟਾਂ ਲਗਾਈਆਂ ਜਾਣਗੀਆਂ। 'ਮੁੱਖ ਮੰਤਰੀ ਰੋਸ਼ਨ ਪੰਜਾਬ' ਯੋਜਨਾ ਤਹਿਤ 13 ਹਜ਼ਾਰ ਪਿੰਡਾਂ ਵਿੱਚ ਸੋਲਰ ਲਾਈਟਾਂ ਲਗਾਉਣ ਲਈ ਪੰਜਾਬ ਕੈਬਨਿਟ ਨੇ ਸਨਿੱਚਰਵਾਰ ਮਨਜ਼ੂਰੀ ਦੇ ਦਿੱਤੀ ਹੈ।

ਪਹਿਲੇ ਪੜਾਅ ਵਿੱਚ ਸੋਲਰ ਲਾਈਟਾਂ ਸਕੂਲਾਂ, ਧਾਰਮਕ ਸਥਾਨਾਂ, ਪਿੰਡਾਂ ਦੀਆਂ ਸੱਥਾਂ ਅਤੇ ਪਿੰਡਾਂ ਨੂੰ ਆਉਣ ਵਾਲੇ ਮੁੱਖ ਰਸਤਿਆਂ 'ਤੇ ਲਗਾਈਆਂ ਜਾਣਗੀਆਂ। ਇਸ ਨਾਲ ਰਾਤ ਸਮੇਂ ਵੀ ਔਰਤਾਂ ਅਤੇ ਬੱਚੀਆਂ ਨੂੰ ਆਪਣੇ ਕੰਮ ਕਰਨ ਲਈ ਬਾਹਰ ਆਉਣ ਸਮੇਂ ਸੁਰੱਖਿਆ ਮਿਲ ਸਕੇਗੀ। ਇਸ ਲਈ ਸੂਬਾ ਸਰਕਾਰ ਨੇ ਸਾਢੇ ਪੰਜ ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ ਅਤੇ ਲਾਈਟਾਂ ਲਗਾਉਣ ਦਾ ਕੰਮ ਜੂਨ ਤੋਂ ਸ਼ੁਰੂ ਕਰ ਦਿੱਤਾ ਜਾਵੇਗਾ। ਇਨ੍ਹਾਂ ਲਾਈਟਾਂ ਨੂੰ ਲਗਾਉਣ ਲਈ ਸੂਬਾ ਸਰਕਾਰ 70 ਫੀਸਦੀ ਅਤੇ ਪੰਚਾਇਤਾਂ ਆਪਣੇ ਫੰਡਾਂ ਰਾਹੀਂ 30 ਫੀਸਦੀ ਹਿੱਸੇਦਾਰੀ ਪਾਉਣਗੀਆਂ। ਲਾਈਟਾਂ ਦੇ ਰੱਖ-ਰਖਾਅ ਲਈ ਕਿਊ ਆਰ ਕੋਡ ਲਗਾ ਕੇ ਮੁੱਖ ਦਫਤਰ ਚੰਡੀਗੜ੍ਹ ਵਿੱਚ ਜਾਣਕਾਰੀ ਇਕੱਠੀ ਕੀਤੀ ਜਾਵੇਗੀ ਅਤੇ ਇਨ੍ਹਾਂ ਲਾਈਟਾਂ ਦੀ ਮੁਰੰਮਤ ਅਤੇ ਰੱਖ-ਰਖਾਅ ਲਈ ਕੰਪਨੀਆਂ ਨਾਲ ਸੱਤ ਸਾਲ ਦਾ ਸਮਝੌਤਾ ਕੀਤਾ ਜਾਵੇਗਾ। ਉਨ੍ਹਾ

• ਬਾਕੀ ਸਫਾ 2 'ਤੇ

## ਸਰਕਾਰਾਂ ਨੂੰ ਜਗਾਉਣ ਲਈ ਤਿੱਖੇ ਸੰਘਰਸ਼ ਦੀ ਲੋੜ : ਦੇਵੀ ਕੁਮਾਰੀ

ਤਰਨ ਤਾਰਨ (ਗਿਆਨ ਸੈਦਪੁਰੀ)



ਸਦੀਆਂ ਤੋਂ ਆਪਣੇ ਹੱਕਾਂ ਤੋਂ ਵਾਂਝੇ ਰੱਖੇ ਗਏ ਮਜ਼ਦੂਰ ਵਰਗ ਨੂੰ ਕਥਿਤ ਵਿਕਾਸ ਵਾਲੇ ਦੌਰ ਵਿੱਚ ਵੀ ਚੁੱਲ੍ਹੇ ਤਪਦੇ ਰੱਖਣ ਲਈ ਮੁਸ਼ਕਿਲ ਆ ਰਹੀ ਹੈ। ਇਨ੍ਹਾਂ ਬੇਹੱਦ ਮਾੜੀਆਂ ਪ੍ਰਸਥਿਤੀਆਂ 'ਚੋਂ ਨਿਕਲਣ ਲਈ ਸੁੱਤੀਆਂ ਸਰਕਾਰਾਂ ਨੂੰ ਹੋਸ਼ ਵਿੱਚ ਲਿਆਉਣ ਲਈ ਬੱਝਵੇਂ ਤੇ ਤਿੱਖੇ ਸੰਘਰਸ਼ ਦੀ ਲੋੜ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੀ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਇੱਥੇ ਗਾਂਧੀ ਪਾਰਕ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਦੀ ਜ਼ਿਲ੍ਹਾ ਵਰਕਿੰਗ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਆਪਣੇ ਹੱਕਾਂ ਲਈ ਲੜ ਰਹੀਆਂ ਵੱਖ-ਵੱਖ ਜਥੇਬੰਦੀਆਂ ਦੀ ਸਾਂਝ ਸਰਕਾਰਾਂ ਨੂੰ ਨੀਂਦ 'ਚੋਂ ਜਗਾਉਣ ਲਈ ਵਧੇਰੇ ਕਾਰਗਰ ਸਿੱਧ ਹੋ ਸਕਦੀ ਹੈ।

ਸਰਹਾਲੀ ਕਲਾਂ ਨੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੰਘਰਸ਼ੀ ਤੇ ਸ਼ਾਨਾਮੱਤੇ ਇਤਿਹਾਸ ਦੀਆਂ ਪ੍ਰਾਪਤੀਆਂ ਦੀ ਗੱਲ ਕਰਦਿਆਂ ਕਾਮਰੇਡ ਰੁਲਦੂ ਖਾਨ, ਕਾਮਰੇਡ ਭਾਨ ਸਿੰਘ ਭੌਰਾ ਅਤੇ ਕਾਮਰੇਡ ਸਵਰਨ ਸਿੰਘ ਨਾਗੋਕੇ ਵਰਗੇ ਨਿਸ਼ਠਾਵਾਨ ਆਗੂਆਂ ਨੂੰ ਸਤਿਕਾਰ ਨਾਲ ਯਾਦ ਕੀਤਾ।ਉਨ੍ਹਾ ਸਤੰਬਰ 2025 ਨੂੰ ਚੰਡੀਗੜ੍ਹ ਵਿੱਚ ਹੋਈ 25ਵੀਂ ਪਾਰਟੀ ਕਾਂਗਰਸ ਵਿੱਚ ਸਭਾ ਦੀ ਭੂਮਿਕਾ ਦੀ ਗੱਲ ਕਰਦਿਆਂ ਕਿਹਾ ਕਿ ਇਸ ਇਤਿਹਾਸਕ ਮੌਕੇ ਮਜ਼ਦੂਰ ਵਰਗ ਨੇ

• ਬਾਕੀ ਸਫਾ 2 'ਤੇ

### ਅੱਜ-ਨਾਮਾ

ਭਰਪੂਰ ਸ਼ਰਧਾ ਦੇ ਨਾਲ ਕਈ ਘਰੋਂ ਚੱਲੇ,
ਦੂਸਰੇ ਰਾਜ ਵਿੱਚ ਧਰਮ ਅਸਥਾਨ ਭਾਈ।
ਕਿਸ਼ਤੀ ਮਿਲੀ ਤੇ ਚਾਅ ਨਾਲ ਚੜ੍ਹੇ ਸੀਗੇ,
ਰਹੀ ਨਾ ਯਾਦ ਫਿਰ ਨੀਂਦ-ਥਕਾਨ ਭਾਈ।
ਅੱਧੇ ਰਾਹ ਵਿੱਚ ਗਈ ਇਹ ਪਲਟ ਬੇੜੀ,
ਦਾਅ 'ਤੇ ਸਾਰਿਆਂ ਦੀ ਲੱਗੀ ਜਾਨ ਭਾਈ।
ਮੂਹਰੇ ਮੌਤ ਦੇ ਕਾਹਦੀ ਕੋਈ ਪੇਸ਼ ਜਾਣੀ,
ਭਾਵੇਂ ਕੋਈ ਬਾਪੂ ਜਾਂ ਕੋਈ ਜਵਾਨ ਭਾਈ।
ਖੁਸ਼ੀਆਂ ਨਾਲ ਇਹ ਘਰੋਂ ਸੀ ਗਏ ਭਾਈ,
ਬਣ ਕੇ ਮੁੜੇ ਹਨ ਵਕਤ ਦੀ ਯਾਦ ਭਾਈ।
ਗਲਤੀ ਪ੍ਰਬੰਧਕਾਂ ਕੀਤੀ ਆ ਜੜ੍ਹੀਂ ਬੈਠੀ,
ਸੁਣਦਾ ਕੌਣ ਆ ਦਾਦ-ਫਰਿਆਦ ਭਾਈ।

-ਤੀਸ ਮਾਰ ਖਾਂ

## ਪੰਜਾਬ ਇਸਤਰੀ ਸਭਾ ਦਾ ਤਿੰਨ ਰੋਜ਼ਾ ਸਿਧਾਂਤਕ ਸਕੂਲ ਸਫਲਤਾ ਨਾਲ ਸੰਪੰਨ



ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)

ਪੰਜਾਬ ਇਸਤਰੀ ਸਭਾ ਦੇ ਜਨਰਲ ਸਕੱਤਰ ਨਰਿੰਦਰ ਸੋਹਲ ਅਤੇ ਪ੍ਰਧਾਨ ਰਜਿੰਦਰ ਪਾਲ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਇਸਤਰੀ ਸਭਾ ਵੱਲੋਂ 10 ਅਪ੍ਰੈਲ ਤੋਂ 12 ਅਪ੍ਰੈਲ ਤੱਕ ਲਾਇਆ ਗਿਆ ਤਿੰਨ ਰੋਜ਼ਾ ਸਕੂਲ ਐਤਵਾਰ ਸਫਲਤਾਪੂਰਵਕ ਸੰਪੰਨ ਹੋ ਗਿਆ। ਵੱਖ-ਵੱਖ ਸੈਸ਼ਨਾਂ ਵਿੱਚ ਜ਼ਿਲ੍ਹਿਆਂ ਅਤੇ ਸੂਬਾ ਟੀਮ ਦੀਆਂ ਮੈਂਬਰਾਂ ਨੇ ਪ੍ਰਧਾਨਗੀ ਕੀਤੀ, ਜਿਨ੍ਹਾਂ ਵਿੱਚ ਕਿਰਨਬੀਰ ਵਲਟੋਹਾ, ਤ੍ਰਿਪਤ ਕਾਲੀਆ, ਸਦੇਸ਼ ਕੁਮਾਰੀ ਅਤੇ ਸੰਤੋਸ਼ ਬਰਾੜ ਸ਼ਾਮਲ ਸਨ।

11 ਅਪ੍ਰੈਲ ਦੇ ਪਹਿਲੇ ਸੈਸ਼ਨ ਵਿੱਚ ਅਨਿਲ ਰਾਜਿਮਵਾਲਾ ਨੇ ਪਾਰਟੀ ਪ੍ਰੋਗਰਾਮ ਬਾਰੇ ਲੈਕਚਰ ਦਿੱਤਾ ਅਤੇ ਬੜੇ ਵਿਸਥਾਰ ਨਾਲ ਦੱਸਿਆ ਕਿ ਕੋਈ ਵੀ ਪਾਰਟੀ ਪ੍ਰੋਗਰਾਮ ਬਣਾਏ ਬਿਨਾਂ ਸਹੀ ਢੰਗ ਨਾਲ ਚੱਲ ਨਹੀਂ ਸਕਦੀ। ਸਾਡਾ ਦੇਸ਼ ਕਿਹੜੀਆਂ ਲੀਹਾਂ 'ਤੇ ਚੱਲੇ, ਉਸ ਵਾਸਤੇ ਪ੍ਰੋਗਰਾਮ ਬਣਾਉਣਾ ਜ਼ਰੂਰੀ ਹੈ। ਕਮਿਊਨਿਸਟ ਪਾਰਟੀ ਨੇ ਆਜ਼ਾਦੀ ਤੋਂ ਬਾਅਦ ਦੇਸ਼ ਦੇ ਵਿਕਾਸ ਵਾਸਤੇ ਵੀ ਪ੍ਰੋਗਰਾਮ ਬਣਾਇਆ ਸੀ ਅਤੇ ਕਾਂਗਰਸ ਨੇ ਕਮਿਊਨਿਸਟ ਪਾਰਟੀ ਦੀ ਮਦਦ ਨਾਲ ਵਿਕਾਸ ਦੀ ਲੀਹ 'ਤੇ ਪੈਰ ਰੱਖਿਆ ਸੀ। ਮੌਜੂਦਾ ਪ੍ਰੋਗਰਾਮ 2015 ਨੂੰ ਪੁਡੂਚੇਰੀ ਵਿੱਚ ਬਣਾਇਆ ਗਿਆ ਸੀ ਕਿ ਹੁਣ ਅਰਥ ਵਿਵਸਥਾ ਕਿਹੜੀਆਂ ਲੀਹਾਂ 'ਤੇ ਚੱਲੇ।

ਦੂਜੇ ਸੈਸ਼ਨ ਵਿੱਚ ਐਡਵੋਕੇਟ ਅਸ਼ਵਨੀ ਬਖਸ਼ੀ ਨੇ ਫਿਰਕਾਪ੍ਰਸਤੀ ਅਤੇ ਫਾਸ਼ੀਵਾਦ 'ਤੇ ਲੈਕਚਰ ਦਿੱਤਾ।ਉਹਨਾ ਦੱਸਿਆ ਕਿ ਫਿਰਕਾਪ੍ਰਸਤੀ ਦੀਆਂ ਜੜ੍ਹਾਂ ਸਦੀਆਂ ਪੁਰਾਣੀਆਂ ਹਨ ਅਤੇ ਬ੍ਰਿਟਿਸ਼ ਸਾਮਰਾਜ ਨੇ ਆਪਣਾ ਸਾਮਰਾਜ ਕਾਇਮ ਰੱਖਣ ਲਈ ਲੋਕਾਂ ਨੂੰ ਧਰਮਾਂ ਦੇ ਨਾਂਅ 'ਤੇ ਵੰਡਿਆ। ਉਹਨਾ ਵਿੱਚ ਦੰਗੇ ਕਰਵਾਏ, ਲੱਖਾਂ ਲੋਕ ਮਰਵਾਏ ਅਤੇ ਦੇਸ਼ ਦਾ ਬਹੁਤ ਉਜਾੜਾ ਕੀਤਾ। ਜਦੋਂ ਅੰਗਰੇਜ਼ ਦੇਸ਼ ਛੱਡ ਕੇ ਚਲੇ ਗਏ ਤਾਂ ਸਾਡਾ ਦੇਸ਼ ਬੁਰੀ ਤਰ੍ਹਾਂ ਫਿਰਕਿਆਂ ਵਿੱਚ ਵੰਡਿਆ ਹੋਇਆ ਸੀ, ਜਿਸ ਨੂੰ ਆਰ ਐੱਸ ਐੱਸ ਆਪਣਾ ਮਕਸਦ ਹਾਸਿਲ ਕਰਨ ਲਈ ਵਰਤ ਰਹੀ ਹੈ। ਫਿਰਕਾਪ੍ਰਸਤੀ ਅਤੇ ਫਾਸ਼ੀਵਾਦ ਉਹ ਹਥਿਆਰ ਹਨ, ਜੋ ਦੇਸ਼ ਦੀ ਸੱਭਿਆਚਾਰਕ ਸਾਂਝ ਨੂੰ ਤੋੜਦੇ ਹਨ ਅਤੇ ਦੇਸ਼ ਦੀ ਆਰਥਿਕ ਅਤੇ ਰਾਜਨੀਤਕ ਸਥਿਤੀ ਨੂੰ ਵਿਗਾੜਦੇ ਹਨ।ਇਸ ਦਾ ਸਿੱਧਾ ਅਸਰ ਔਰਤਾਂ

• ਬਾਕੀ ਸਫਾ 2 'ਤੇ

## ਵਿਰੋਧੀਆਂ ਨੂੰ ਸੀ ਬੀ ਆਈ, ਈ ਡੀ ਕੇਸਾਂ 'ਚ ਫਸਾ ਕੇ ਜੇਲ੍ਹਾਂ 'ਚ ਸੁੱਟਣ ਵਾਲਾ ਸੱਚਾ ਸਨਾਤਨੀ ਨਹੀਂ ਹੋ ਸਕਦਾ : ਸਿਸੋਦੀਆ

• ਨਵ ਵਰ੍ਹਾ ਆਤਮ-ਚਿੰਤਨ ਤੇ ਨੈਤਿਕ ਮੁੱਲਾਂ ਦਾ ਮੌਕਾ : ਅਰੋੜਾ
• ਸਰਕਾਰੀ ਪੱਧਰ 'ਤੇ ਹਿੰਦੂ ਸੰਸਕ੍ਰਿਤੀ ਨੂੰ ਮਿਲੀ ਪਹਿਲੀ ਵਾਰ ਮਾਨਤਾ : ਦੀਪਕ ਬਾਲੀ



ਪਠਾਨਕੋਟ : ਪੰਜਾਬ ਸਰਕਾਰ ਵੱਲੋਂ ਹਿੰਦੂ ਨਵ ਵਰ੍ਹਾ ਸੰਮਤ ਦੇ ਮੌਕੇ 'ਤੇ ਜ਼ਿਲ੍ਹਾ ਪਠਾਨਕੋਟ ਦੇ ਰਾਮਲੀਲ੍ਹਾ ਗਰਾਊਂਡ ਵਿੱਚ ਵਿਸ਼ਾਲ ਸੂਬਾ ਪੱਧਰੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਵਿਜੇ ਸ਼ਰਮਾ ਰਾਸ਼ਟਰੀ ਪ੍ਰਧਾਨ ਸਨਾਤਨ ਹਿੰਦੂ ਸੰਗਠਨ ਵੱਲੋਂ ਕੀਤੀ ਗਈ।ਸਮਾਰੋਹ ਵਿੱਚ ਆਮ ਆਦਮੀ ਪਾਰਟੀ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ, ਕੈਬਨਿਟ ਮੰਤਰੀ ਅਮਨ ਅਰੋੜਾ, ਕੈਬਨਿਟ ਮੰਤਰੀ ਲਾਲ ਚੰਦ ਕਟਾਰੂ ਚੱਕ ਅਤੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ ਬਾਰੇ ਸਲਾਹਕਾਰ ਦੀਪਕ ਬਾਲੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਸਮਾਗਮ ਦੀ ਸ਼ੁਰੂਆਤ ਪ੍ਰਸਿੱਧ ਪੰਜਾਬੀ ਗਾਇਕ ਰੋਸ਼ਨ ਪ੍ਰਿੰਸ ਵੱਲੋਂ ਹਿੰਦੂ ਸੰਸਕ੍ਰਿਤੀ ਅਤੇ ਸਨਾਤਨ ਪਰੰਪਰਾਵਾਂ ਨੂੰ ਸਮਰਪਤ ਭਜਨਾਂ ਨਾਲ ਕੀਤੀ ਗਈ, ਜਿਸ ਨਾਲ ਪੂਰਾ ਮਾਹੌਲ ਆਧਿਆਤਮਿਕ ਰੰਗ ਵਿੱਚ ਰੰਗਿਆ ਗਿਆ। ਇਸ ਤੋਂ ਬਾਅਦ ਮੰਚ 'ਤੇ ਮੌਜੂਦ ਮਹਿਮਾਨਾਂ ਅ ਤੇ

• ਬਾਕੀ ਸਫਾ 2 'ਤੇ

ਨਵਾਂ ਜ਼ਮਾਨਾ
ਸੋਮਵਾਰ, 13 ਅਪ੍ਰੈਲ 2026

# ਜਾਤੀਵਾਦ ਖਿਲਾਫ ਜੰਗ

*14 ਅਪ੍ਰੈਲ ਨੂੰ ਬਾਬਾ ਸਾਹਿਬ ਅੰਬੇਡਕਰ ਦੀ ਜੈਅੰਤੀ ਮਨਾਉਣ ਦੇ ਨਾਲ-ਨਾਲ ਇਸ ਮੁੱਦੇ ’ਤੇ ਵੀ ਵਿਚਾਰ ਕਰਨਾ ਪੈਣਾ ਕਿ ਬਾਬਾ ਸਾਹਿਬ ਦੀਆਂ ਪ੍ਰਮੁੱਖ ਸਿੱਖਿਆਵਾਂ ਵਿੱਚੋਂ ਇੱਕ—ਜਾਤੀ ਦੇ ਖਾਤਮੇ ਦੇ ਸੰਦਰਭ ਵਿੱਚ ਅੱਜ ਸਾਡੀ ਕੀ ਸਥਿਤੀ ਹੈ। ਗੌਤਮ ਬੁੱਧ ਜਾਤੀ-ਵਰਣ ਵਿਵਸਥਾ ਦੇ ਵਿਰੁੱਧ ਆਵਾਜ਼ ਉਠਾਉਣ ਵਾਲੇ ਪਹਿਲੇ ਪ੍ਰਮੁੱਖ ਵਿਅਕਤੀ ਸਨ। ਬਾਬਾ ਸਾਹਿਬ ਨੇ ਬੁੱਧ ਦੇ ਪ੍ਰਤੀਰੋਧ ਨੂੰ ਕ੍ਰਾਂਤੀ ਦਾ ਨਾਂਅ ਦਿੱਤਾ ਸੀ, ਪਰ ਬੁੱਧ ਧਰਮ ਤੇ ਉਸ ਦੀਆਂ ਕਦਰਾਂ-ਕੀਮਤਾਂ ਦਾ ਵਿਰੋਧ ਚਲਦਾ ਰਿਹਾ। ਇਸ ਦੌਰ ਨੂੰ ਅੰਬੇਡਕਰ ਪ੍ਰਤੀਕ੍ਰਾਂਤੀ ਕਹਿੰਦੇ ਹਨ, ਜਿਸ ਦੇ ਬਾਅਦ ਜਾਤੀ-ਵਰਣ ਵਿਵਸਥਾ ਦੀ ਅਤਿਅੰਤ ਹਮਲਾਵਰੀ ਢੰਗ ਨਾਲ ਵਾਪਸੀ ਹੋਈ। ਉਸ ਦੇ ਜਨਮ ਸਥਾਨ ਭਾਰਤ ਤੋਂ ਬੋਧ ਧਰਮ ਦਾ ਸਫਾਇਆ ਹੋ ਗਿਆ, ਜਦਕਿ ਉਹ ਕਈ ਦੱਖਣੀ ਤੇ ਪੂਰਬੀ ਏਸ਼ਿਆਈ ਦੇਸ਼ਾਂ ਵਿੱਚ ਪਨਪਿਆ ਤੇ ਵਧਿਆ-ਫੁੱਲਿਆ। ਬੁੱਧ ਦੇ ਬਾਅਦ ਜਾਤੀ ਪ੍ਰਥਾ ਦੇ ਵਿਰੋਧ ਦਾ ਦੂਜਾ ਵੱਡਾ ਦੌਰ ਕਬੀਰ, ਰੈਦਾਸ, ਦਾਦੂ ਤੇ ਕਈ ਹੋਰ ਸੰਤਾਂ ਦੀ ਅਗਵਾਈ ਵਿੱਚ ਆਇਆ। ਇਨ੍ਹਾਂ ਸਮਾਜ ਵਿੱਚ ਬਰਾਬਰੀ ਦੀ ਵਕਾਲਤ ਕੀਤੀ। ਇਹ ਅਤਿਅੰਤ ਪ੍ਰਭਾਵਸ਼ਾਲੀ ਢੰਗ ਨਾਲ ਆਪਣੇ ਵਿਚਾਰ ਪੇਸ਼ ਕਰਦੇ ਸਨ, ਪਰ ਇਨ੍ਹਾਂ ਨੂੰ ਜਾਤੀ ਪ੍ਰਥਾ ਨਾਲ ਸਭ ਤੋਂ ਵੱਧ ਲਾਭ ਕਮਾਉਣ ਵਾਲੇ ਪੁਰੋਹਿਤ ਵਰਗ ਤੇ ਸਾਮੰਤੀ ਤੱਤਾਂ ਦੇ ਗੱਠਜੋੜ ਦੇ ਕਰੜੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਬ੍ਰਿਟਿਸ਼ ਬਸਤੀਵਾਦੀ ਕਾਲ ਵਿੱਚ ਆਧੁਨਿਕ ਸਿੱਖਿਆ ਪ੍ਰਣਾਲੀ ਨਾਲ ਇਸ ਅਣਮਨੁੱਖੀ ਪ੍ਰਥਾ ਦਾ ਵਿਰੋਧ ਸ਼ੁਰੂ ਹੋਇਆ। ਜੋਤੀਰਾਓ ਫੂਲੇ ਤੇ ਸਾਵਿਤਰੀ ਬਾਈ ਫੂਲੇ ਨੇ ਇਸਤਰੀ ਸਿੱਖਿਆ ਦੀ ਸ਼ੁਰੂਆਤ ਕੀਤੀ। ਮਹਿਲਾਵਾਂ ਨੂੰ ਮਰਦਾਂ ਦੇ ਅਧੀਨ ਤੇ ਉਨ੍ਹਾਂ ਤੋਂ ਨਿਮਨ ਮੰਨਣ ਦੇ ਨਜ਼ਰੀਏ ਦੀ ਖਿਲਾਫਤ ਦਾ ਇਹ ਸਭ ਤੋਂ ਚੰਗਾ ਹਥਿਆਰ ਸੀ। ਸਮਾਜੀ ਨਿਆਂ ਦੀ ਸਥਾਪਨਾ ਦੇ ਇਸ ਅੰਦੋਲਨ ਨੂੰ ਬਾਬਾ ਸਾਹਿਬ ਦੇ ਕਾਰਨ ਜ਼ਬਰਦਸਤ ਬੜ੍ਹਾਵਾ ਮਿਲਿਆ। ਉਨ੍ਹਾ ਸਰਵਜਨਕ ਜਲ ਸਰੋਤਾਂ ਤੱਕ ਪਹੁੰਚ ਅਤੇ ਮੰਦਰਾਂ ਵਿੱਚ ਦਾਖਲੇ ਲਈ ਅੰਦੋਲਨਾਂ ਦੀ ਅਗਵਾਈ ਕੀਤੀ। ਜਾਤੀ ਪ੍ਰਥਾ ਨੂੰ ਧਾਰਮਕ ਮਾਨਤਾ ਵਿਰੁੱਧ ਪ੍ਰੋਟੈਸਟ ਵਜੋਂ ਉਨ੍ਹਾ ਮਨੂੰ ਸਿਮਰਤੀ ਨੂੰ ਸਾੜਿਆ।*


*ਬਰਾਬਰੀ ਵੱਲ ਸਮਾਜੀ ਬਦਲਾਅ ਦੀ ਪ੍ਰਕਿਰਿਆ ਦੇ ਵਿਰੋਧ ਦੇ ਬੀਜ ਸਮਾਜ ਵਿੱਚ ਪਹਿਲਾਂ ਤੋਂ ਹੀ ਮੌਜੂਦ ਸਨ। ਇਹ ਪਹਿਲਾਂ ਹਿੰਦੂ ਮਹਾਂ ਸਭਾ ਵਿੱਚ ਤੇ ਫਿਰ ਆਰ ਐੱਸ ਐੱਸ ਵਿੱਚ ਪ੍ਰਤੀਬਿੰਬਤ ਹੋਏ। ਦਲਿਤ-ਓ ਬੀ ਸੀ ਅੰਦੋਲਨ ਇੱਕ ਅਹਿਮ ਕਦਮ ਸੀ, ਜਿਸ ਨੇ ਜਾਤੀਗਤ ਤੇ ਲਿੰਗਿਕ ਵਿਤਕਰੇ, ਜਿਹੜਾ ਆਰ ਐੱਸ ਐੱਸ ਦੀ ਵਿਚਾਰਧਾਰਾ ਦਾ ਕੇਂਦਰੀ ਤੱਤ ਹੈ, ਦੀਆਂ ਜੜ੍ਹਾਂ ਨੂੰ ਹਿਲਾ ਦਿੱਤਾ। ਤਾਂ ਵੀ, ਆਰ ਐੱਸ ਐੱਸ ਨੇ ਸਮਾਜ ਵਿੱਚ ਦਲਿਤਾਂ ਦੀ ਬਰਾਬਰੀ ਲਈ ਕੀਤੇ ਜਾ ਰਹੇ ਯਤਨਾਂ ਦਾ ਵਿਰੋਧ ਕੀਤਾ। ਸੰਵਿਧਾਨ ਵਿੱਚ ਅਨੁਸੂਚਿਤ ਜਾਤੀ ਤੇ ਜਨਜਾਤੀ ਵਰਗ ਲਈ ਰਿਜ਼ਰਵੇਸ਼ਨ ਦੀ ਵਿਵਸਥਾ ਸੀ, ਪਰ ਆਰ ਐੱਸ ਐੱਸ ਦਾ ਇਸ ਖਿਲਾਫ ਪ੍ਰਾਪੇਗੰਡਾ ਜਾਰੀ ਹੈ। ਅੱਜ ਡਾ. ਅੰਬੇਡਕਰ ਨੂੰ ਯਾਦ ਕਰਦਿਆਂ ਸਾਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਸਮਾਜੀ ਨਿਆਂ ਦੀ ਯਾਤਰਾ ਦਾ ਮੁੱਖ ਤੌਰ ’ਤੇ ਪਰ ਲੁਕਵੇਂ ਢੰਗ ਨਾਲ ਵਿਰੋਧ ਆਰ ਐੱਸ ਐੱਸ ਵਰਗੀ ਸ਼ਕਤੀਸ਼ਾਲੀ ਸੰਸਥਾ ਵੱਲੋਂ ਅਜੇ ਵੀ ਕੀਤਾ ਜਾ ਰਿਹਾ ਹੈ, ਜੋ ਆਪਣਾ ਪ੍ਰਤੀਗਾਮੀ ਏਜੰਡਾ ਤਰ੍ਹਾਂ-ਤਰ੍ਹਾਂ ਦੇ ਤਰੀਕਿਆਂ ਨਾਲ ਅੱਗੇ ਵਧਾ ਰਿਹਾ ਹੈ। ਇਸ ਦੀ ਤਾਜ਼ਾ ਮਿਸਾਲ ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂ ਜੀ ਸੀ) ਵੱਲੋਂ ਉੱਚ ਵਿੱਦਿਅਕ ਸੰਸਥਾਨਾਂ ਵਿੱਚ ਬਰਾਬਰੀ ਨੂੰ ਬੜ੍ਹਾਵਾ ਦੇਣ ਲਈ 13 ਜਨਵਰੀ ਨੂੰ ਜਾਰੀ ਨੋਟੀਫਿਕੇਸ਼ਨ ਨੂੰ ਆਰ ਐੱਸ ਐੱਸ ਦੇ ਦਬਾਅ ਹੇਠ ਵਾਪਸ ਲੈਣਾ ਹੈ, ਜਿਸ ਵਿੱਚ ਸਾਰੀਆਂ ਭਾਰਤੀ ਯੂਨੀਵਰਸਿਟੀਆਂ ਵਿੱਚ ਕਮਜ਼ੋਰ ਤਬਕਿਆਂ ਦੇ ਵਿਦਿਆਰਥੀਆਂ ਨਾਲ ਜਾਤੀਵਾਦੀ ਵਿਤਕਰੇ ਵਿਰੁੱਧ ਸਖਤ ਨਿਯਮਾਂ ਦੀ ਵਿਵਸਥਾ ਕੀਤੀ ਗਈ ਸੀ। ਜਿੱਥੇ ਆਰ ਐੱਸ ਐੱਸ ਦਾ ਮੁਸਲਮ ਵਿਰੋਧੀ ਏਜੰਡਾ ਸਾਫ ਨਜ਼ਰ ਆਉਂਦਾ ਹੈ, ਉੱਥੇ ਉਸ ਦਾ ਦਲਿਤ ਵਿਰੋਧੀ ਏਜੰਡਾ ਪਰਦੇ ਦੇ ਪਿੱਛਿਓਂ ਚਲਾਇਆ ਜਾਂਦਾ ਹੈ। ਜਾਤੀਵਾਦ ਦੇ ਖਾਤਮੇ ਦੇ ਸੁਫਨੇ ਨੂੰ ਸਾਕਾਰ ਕਰਨ ਲਈ ਇਸ ਦਾ ਮੁਕਾਬਲਾ ਕੀਤਾ ਜਾਣਾ ਜ਼ਰੂਰੀ ਹੈ।*

## ਨਾਟੋ ਦੇ ਨੌਟ ਦਾ ਅਸਰ

*ਹੋ ਗਿਆ ‘ਭੈਅ-ਭੀਤ’ ਸੀ ਜੱਗ ਸਾਰਾ,*
*ਖਤਰਨਾਕ ਜਿਹੇ ਸੁਣ ਕੇ ਐਲਾਨ ਯਾਰੋ।*
*ਕਰਨ ਲੱਗੇ ਸੀ ਸਾਰੇ ‘ਅਰਦਾਸ’ ਏਹੋ,*
*ਅਮਲੀ ਰੂਪ ਨਾ ਲੈਣ ‘ਫੁਰਮਾਨ’ ਯਾਰੋ।*
*ਬਣ ਕੇ ‘ਸਾਲਸੀ’ ਦੇਸ਼ਾਂ ‘ਨਿਮਾਣਿਆਂ’ ਨੇ,*
*ਵਿਸ਼ਵ ਵਿੱਚ ਬਣਾ ਲਈ ਏ ਸ਼ਾਨ ਯਾਰੋ।*
*‘ਮਾਰੂ ਰਾਗ’ ਫਿਜ਼ਾਵਾਂ ’ਚੋਂ ਬੰਦ ਹੋਇਆ,*
*ਵੱਜਣ ਲੱਗੀ ਹੈ ਸ਼ਾਂਤਮਈ ‘ਤਾਨ’ ਯਾਰੋ।*
*ਕਰ’ਤੀ ਨਾਂਹ ਲੜਾਈ ਤੋਂ ‘ਹੋਰ’ ਕਈਆਂ,*
*ਨਾਟੋ ‘ਨੌਟ’ ਕਹਿ ਪਿੱਛੇ ਨੂੰ ਹੋ ਗਿਆ ਏ।*
*ਜੰਗ-ਬੰਦੀ ਦਾ ਹੋਇਆ ਜੋ ‘ਫੈਸਲਾ’ ਐ,*
*ਬੀਅ ਅਮਨ ਦੇ ਜਾਣੋ ਕਿ ਬੋ ਗਿਆ ਏ!*

**-ਤਰਲੋਚਨ ਸਿੰਘ ਦੁਪਾਲਪੁਰ, *001-408-905-5517***

# ਇਹ ਕੁਝ ਤਾਂ ਪੁੱਛਿਆ ਹੀ ਜਾਵੇਗਾ


ਸੁੱਚਾ ਸਿੰਘ ਖੱਟੜਾ

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਹੁਣ ਇੱਕ ਸਾਲ ਤੋਂ ਘੱਟ ਸਮਾਂ ਬਾਕੀ ਹੈ। ਭਾਜਪਾ ਅਤੇ ਅਕਾਲੀ, ਕਾਂਗਰਸ ਅਤੇ ਆਮ ਆਦਮੀ ਪਾਰਟੀ ਤੋਂ ਇਲਾਵਾ ਕਮਿਊਨਿਸਟ ਪਾਰਟੀਆਂ ਸਭ ਤਿਆਰੀਆਂ ਵਿੱਚ ਲੱਗ ਗਈਆਂ ਹਨ। ਇਸ ਤੋਂ ਇਲਾਵਾ ਇਕ ਸਿਆਸਤ ਗੈਰ ਸਿਆਸੀਆਂ ਦੀ ਵੀ ਹੈ। ਇਹ ਸਿਆਸਤ ਹਰ ਸਿਆਸੀ ਪਾਰਟੀ ਨੂੰ ਉਮੀਦ ਦਿੰਦੀ ਹੈ ਕਿ ਚੋਣਾਂ ਦੇ ਸੁਵੰਬਰ ਵਿੱਚ ਇਹ ਕਮਿਊਨਿਸਟਾਂ ਤੋਂ ਬਿਨਾਂ ਹਾਰ ਪਾਉਣ ਲਈ ਕੋਈ ਵੀ ਪਾਰਟੀ ਇਨ੍ਹਾਂ ਦੀ ਪਸੰਦ ਹੋ ਸਕਦੀ ਹੈ। ਖੈਰ, ਚੋਣਾਂ ਵਿੱਚ ਹਿੱਸਾ ਲੈਣ ਵਾਲੀਆਂ ਪਾਰਟੀਆਂ ਲਈ ਵੋਟਰਾਂ ਦੇ ਉਹਨਾਂ ਪਾਰਟੀਆਂ ਲਈ ਸਵਾਲ ਹੋਣਗੇ। ਲੋਕਤੰਤਰ ਦੀ ਸਿਹਤ ਲਈ ਵੋਟਰਾਂ ਕੋਲ ਪਾਰਟੀਆਂ ਲਈ ਸਵਾਲਾਂ ਦਾ ਹੋਣਾ ਜ਼ਰੂਰੀ ਹੈ, ਕਿਉਂਕਿ ਚੋਣਾਂ ਪ੍ਰਤੀ ਪੰਜਾਬ ਅੰਦਰ ਭਾਜਪਾ ਸਾਰੀਆਂ ਪਾਰਟੀਆਂ ਤੋਂ ਸਰਗਰਮ ਦਿਖਾਈ ਦਿੰਦੀ ਹੈ। ਚੋਣਾਂ ਵਿੱਚ ਜਦੋਂ ਇਹ ਪਾਰਟੀ ਉਤਰੇਗੀ ਤਾਂ ਪੰਜਾਬ ਦੇ ਵੋਟਰਾਂ ਵੱਲੋਂ ਇਸ ਨੂੰ ਇਹ ਤਾਂ ਪੁੱਛਿਆ ਹੀ ਜਾਏਗਾ।

ਭਾਜਪਾ ਸਰਕਾਰ ਨੇ ਵਿਦੇਸ਼ ਨੀਤੀ ਨੂੰ ਇੰਨਾ ਕਿਉਂ ਕਮਜ਼ੋਰ ਕੀਤਾ ਕਿ ਵਿਦੇਸ਼ ਨੀਤੀ ਨੂੰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪੈਰਾਂ ਉੱਤੇ ਹੀ ਟਿਕਾ ਦਿੱਤਾ। ਇਸ ਵਿਦੇਸ਼ ਨੀਤੀ ਦਾ ਸਿੱਟਾ ਹੈ ਕਿ ਵਿਦੇਸ਼ਾਂ ਨਾਲ ਵਪਾਰ, ਤੇਲ ਕਿਸ ਤੋਂ ਖਰੀਦਣਾ। ਅਮਰੀਕਾ ਤੋਂ ਕੀ-ਕੀ ਖਰੀਦਣਾ। ਸਭ ਕੁੱਝ ਅਮਰੀਕਾ ਤਹਿ ਕਰੇਗਾ। ਗਵਾਂਢੀਆਂ ਨਾਲ ਸੰਬੰਧ ਵਿਗਾੜਨੇ ਇੱਕ ਵੱਖਰਾ ਮੁੱਦਾ ਹੈ। ਇਹ ਮੁੱਦੇ ਤਾਂ ਸਮੁੱਚੇ ਦੇਸ਼ ਵਾਸੀਆਂ ਨਾਲ ਹਨ, ਪਰ ਪੰਜਾਬ ਦੇ ਨੌਜਵਾਨਾਂ ਨੂੰ ਹੱਥਕੜੀਆਂ ਬੇੜੀਆਂ ਨਾਲ ਨੂੜ ਕੇ ਬੇਇੱਜ਼ਤ ਕਰਕੇ ਅਮਰੀਕਾ ਨੇ ਜਿਵੇਂ ਵਾਪਸ ਕੀਤਾ, ਇਹ ਦਿੱਲੀ ਦੀ ਭਾਜਪਾ ਸਰਕਾਰ ਦੀ ਕਮਜ਼ੋਰ ਵਿਦੇਸ਼ ਨੀਤੀ ਦਾ ਸਿੱਟਾ ਹੈ। ਵਰਨਾ ਟਰੰਪ ਇਹ ਹਰਕਤ ਨਾ ਕਰ ਸਕਦਾ। ਪੰਜਾਬੀਆਂ ਦੇ ਦਿਲਾਂ ਉੱਤੇ ਮੱਲ੍ਹਮ ਲਗਦੀ। ਜੇਕਰ ਮੋਦੀ ਅਤੇ ਭਾਜਪਾ ਵੱਲੋਂ ਟਰੰਪ ਦੀ ਇਸ ਕਾਰਵਾਈ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਹੀ ਕਰ ਦਿੱਤੀ ਜਾਂਦੀ। ਇਸ ਸੰਬੰਧ ਵਿੱਚ ਵਿਰੋਧ ਦਾ ਇਕ ਸ਼ਬਦ ਵੀ ਭਾਰਤ ਕਹਿ ਨਹੀਂ ਸਕਿਆ। ਭਾਜਪਾ ਕਿਹੜੇ ਮੂੰਹ ਨਾਲ ਪੰਜਾਬ ਦੇ ਵੋਟਰਾਂ ਸਾਹਮਣੇ ਆਏਗੀ। ਭਾਜਪਾ ਵਾਲੇ ਕਹਿ ਸਕਦੇ ਹਨ ਕਿ ਬੇੜੀਆਂ ਵਿੱਚ ਬੰਨ੍ਹ ਕੇ ਵਾਪਸ ਆਉਣ ਵਾਲੇ ਉਸ ਦੇਸ਼ ਵਿੱਚ ਗੈਰ ਕਾਨੂੰਨੀ ਗਏ ਸਨ। ਉੱਤਰ ਹੈ ਕਿ ਸਰਕਾਰ ਨੇ ਆਪਣੇ ਦੇਸ਼ ਵਿੱਚ ਰੁਜ਼ਗਾਰ ਕਿਉਂ ਨਹੀਂ ਸਿਰਜਿਆ। ਦੂਜੇ ਪਾਸੇ ਬਾਹਰਲੇ ਦੇਸ਼ਾਂ ਵਿੱਚ ਲੋੜੀਂਦੇ ਕਿਰਤੀਆਂ ਨੂੰ ਭੇਜਣ ਲਈ ਕੋਈ ਨੀਤੀ ਅਤੇ ਵਿਭਾਗ ਕਿਉਂ ਨਹੀਂ ਖੋਹਲਿਆ। ਜਿਹੜਾ ਬਾਹਰਲੇ ਦੇਸ਼ਾਂ ਲਈ ਲੋੜੀਂਦੇ ਕਿਰਤੀਆਂ ਦੀ ਮੰਗ ਦੀ ਪੂਰਤੀ ਦਾ ਪ੍ਰਬੰਧਨ ਕਰਦਾ ਤਾਂ ਕਿ ਦੇਸ਼ ਦੇ ਕਿਰਤੀ ਬਾਹਰ ਭੇਜਣ ਵਾਲੇ ਏਜੰਟਾਂ ਦੀ ਲੁੱਟ ਤੋਂ ਵੀ ਬਚ ਸਕਦੇ ਅਤੇ ਸਰਕਾਰ ਇਸ ਕਾਰਜ ਵਿੱਚ ਸ਼ਾਮਲ ਰਹਿੰਦੀ।

ਪੰਜਾਬ ਵਿੱਚ ਪਿਛਲੀ ਬਰਸਾਤ ਵਿੱਚ ਹੜ੍ਹਾਂ ਨਾਲ ਤਬਾਹੀ ਹੋਈ। ਪੰਜਾਬ ਲਈ ਭਾਜਪਾ ਦੀ ਕੇਂਦਰ ਸਰਕਾਰ ਨੇ ਕੋਈ ਮਦਦ ਨਹੀਂ ਕੀਤੀ। ਕੁਦਰਤੀ ਆਫ਼ਤਾਂ ਲਈ ਪਿਛਲੇ ਸਾਲਾਂ ਵਿੱਚ ਭੇਜੀਆਂ ਰਾਸ਼ੀਆਂ ਦੇ ਜੋੜ ਕਰਕੇ ਪੰਜਾਬ ਨਾਲ ਬਹਿਸ ਕੀਤੀ ਜਾਂਦੀ ਰਹੀ। ਪਰ ਇਸ ਬਹਿਸ ਵਿਚੋਂ ਹੜ੍ਹ ਪੀੜਤਾਂ ਨੂੰ ਤਾਂ ਕੁਝ ਨਾ ਮਿਲਿਆ। ਪੰਜਾਬ ਸਰਹੱਦੀ ਸੂਬਾ ਹੈ। ਪੰਜਾਬ ਦੇ ਲੋਕ ਮੰਗ ਕਰਦੇ ਹਨ ਕਿ ਬਾਰਡਰ ਖੋਲ੍ਹ ਕੇ ਪਾਕਿਸਤਾਨ ਨਾਲ ਆਪਸੀ ਵਪਾਰ ਸ਼ੁਰੂ ਕੀਤਾ ਜਾਵੇ, ਪਰ ਭਾਜਪਾ ਦੀ ਕੇਂਦਰ ਸਰਕਾਰ ਦੀ ਪਾਕਿਸਤਾਨ ਸੰਬੰਧੀ ਵਿਦੇਸ਼ ਨੀਤੀ ਪਰਮ ਪ੍ਰੇਰਤ ਹੋਣ ਕਰਕੇ ਅਜਿਹਾ ਨਹੀਂ ਹੋ ਸਕਦਾ। ਆਵਾਜਾਈ ਖੁੱਲ੍ਹਣ ਨਾਲ ਦੋਹਾਂ ਪੰਜਾਬਾਂ ਦੇ ਲੋਕਾਂ ਦਾ ਆਪਸੀ ਮੇਲ ਜੋਲ ਵੀ ਵਧਣ ਨਾਲ ਜੰਗ ਦਾ ਖਤਰਾ ਘਟਦਾ, ਪਰ ਕੇਂਦਰ ਸਰਕਾਰ ਅਜਿਹਾ ਕਰਨਾ ਨਹੀਂ ਚਾਹੁੰਦੀ। ਸਿੱਟਾ ਪੰਜਾਬ ਭੁਗਤ ਰਿਹਾ ਹੈ। ਪ੍ਰਸ਼ਨ ਤਾਂ ਪੁੱਛਿਆ ਹੀ ਜਾਵੇਗਾ, 16ਵੇਂ ਵਿੱਤ ਕਮਿਸ਼ਨ ਨੇ ਸੂਬਿਆਂ ਦਾ ਮਾਲੀ ਘਾਟਾ ਗਰਾਂਟ ਬੰਦ ਕਰਕੇ ਪੰਜਾਬ ਨੂੰ 4800 ਕਰੋੜ ਰੁਪਏ ਸਾਲਾਨਾ ਤੋਂ ਵੰਚਿਤ ਕਰ ਦਿੱਤਾ ਹੈ। ਅੱਤਵਾਦ ਨਾਲ ਝੰਬੇ ਪੰਜਾਬ ਨੂੰ ਵਿਸ਼ੇਸ਼ ਗਰਾਂਟ ਅਤੇ ਵਿਸ਼ੇਸ਼ ਦਰਜੇ ਦੀ ਲੋੜ ਸੀ, ਜੋ ਇਸ ਸਰਕਾਰ ਨੇ ਪਹਿਲੀਆਂ ਸਰਕਾਰਾਂ ਵਾਂਗ ਨਹੀਂ ਦਿੱਤਾ, ਹੋਰ ਤਾਂ ਹੋਰ ਪੇਂਡੂ ਵਿਕਾਸ ਫੰਡ ਰੋਕ ਰੱਖਿਆ ਹੈ। ਪੰਜਾਬ ਨਾਲ ਇਹ ਧਰੋਅ ਲੋਕਾਂ ਦੇ ਪ੍ਰਸ਼ਨ ਤਾਂ ਬਣਨਗੇ ਹੀ।

ਪੰਜਾਬ ਦੇ ਕਿਸਾਨਾਂ ਨੂੰ ਪਹਿਲਾਂ ਸਾਲ ਤੋਂ ਵੱਧ ਦਿੱਲੀ ਦੀਆਂ ਬਰੂਹਾਂ ਉੱਤੇ ਬਿਠਾ ਰੱਖਿਆ। ਫਿਰ ਸਮਝੌਤੇ ਤਹਿਤ ਜਿਹੜੀਆਂ ਮੰਗਾਂ ਉੱਤੇ ਸਹਿਮਤੀ ਹੋਈ, ਉਹਨਾਂ ਵਿਚੋਂ ਇੱਕ ਦੀ ਵੀ ਪੂਰਤੀ ਨਹੀਂ ਕੀਤੀ। ਅਮਰੀਕਾ ਨਾਲ ਵਪਾਰ ਸਮਝੌਤੇ ਵਿੱਚ ਪਹਿਲੀ ਵਾਰੀ ਖੇਤੀ ਪੈਦਾਵਾਰ ਨੂੰ ਸ਼ਾਮਲ ਕਰਕੇ ਸਮੁੱਚੇ ਦੇਸ਼ ਦੀ ਕਿਸਾਨੀ ਨੂੰ ਵੱਡੀ ਤਬਾਹੀ ਸਾਹਮਣੇ ਖੜ੍ਹਾ ਕਰ ਦਿੱਤਾ ਗਿਆ ਹੈ। ਪੰਜਾਬ ਕਿਉਂਕਿ ਕਿਸਾਨੀ ਸੂਬਾ ਹੈ, ਇਸ ਲਈ ਤਬਾਹੀ ਇਸ ਉੱਤੇ ਸਭ ਤੋਂ ਵੱਧ ਆਏਗੀ। ਇਸ ਬਾਰੇ ਪੁੱਛਿਆ ਤਾਂ ਜਾਣਾ ਹੀ ਹੈ।

ਉਪਰੋਕਤ ਵਰਗੇ ਹੋਰ ਅਨੇਕਾਂ ਤਤਕਾਲੀਨ ਮੁੱਦੇ ਪ੍ਰਸ਼ਨ ਬਣਨਗੇ, ਪਰ ਇਹਨਾਂ ਤੋਂ ਇਲਾਵਾ ਕੁੱਝ ਸਿਧਾਂਤਕ ਮੁੱਦੇ ਹਨ, ਜਿਹਨਾਂ ਉੱਤੇ ਗੰਭੀਰ ਪ੍ਰਸ਼ਨ ਹਨ। ਭਾਜਪਾ ਕਿਉਂਕਿ ਆਰ ਐੱਸ ਐੱਸ ਦੇ ਪੇਟ ਤੋਂ ਜਨਮੀ ਹੈ, ਜਿਹਦਾ ਦੇਸ਼ ਦੇ ਸੰਵਿਧਾਨ ਵਿੱਚ ਮਜਬੂਰੀਵੱਸ ਵਿਸ਼ਵਾਸ ਦਾ ਵਿਖਾਵਾ ਹੈ। ਵਰਨਾ ਇਸ ਦਾ ਸੰਵਿਧਾਨ ਤਾਂ ਮਨੂੰ ਸਿਮਰਤੀ ਹੈ। ਜਿਸ ਦੇ ਅੱਠਵੇਂ ਅਧਿਆਏ ਦੇ ਸੂਤਰ 270 ਵਿੱਚ ਦਰਜ ਹੈ ਕਿ ਬ੍ਰਾਹਮਣ ਨੂੰ ਕਠੋਰ ਸ਼ਬਦ ਕਹਿਣ ਵਾਲੇ ਸ਼ੂਦਰ ਦੀ ਜੀਭ ਕੱਟ ਦੇਣੀ ਚਾਹੀਦੀ ਹੈ, ਕਿਉਂਕਿ ਉਹ ਨੀਚ ਅਤੇ ਪੈਰਾਂ ਤੋਂ ਉਤਪੰਨ ਹੈ। ਇਸੇ ਸਿਮਰਤੀ ਦੇ ਅੱਠਵੇਂ ਅਧਿਆਏ ਦੇ ਸੂਤਰ 142 ਵਿੱਚ ਵਿਆਜ ਦੀ ਦਰ ਵਰਣਾਂ ਅਨੁਸਾਰ ਬ੍ਰਾਹਮਣ ਤੋਂ 2 ਫੀਸਦੀ, ਕਸ਼ੱਤਰੀ ਤੋਂ 3 ਫੀਸਦੀ, ਵੈਸ਼ ਤੋਂ 4 ਫੀਸਦੀ ਅਤੇ ਸ਼ੂਦਰ ਤੋਂ 5% ਦਾ ਕਾਨੂੰਨ ਹੈ। ਸਿਮਰਤੀ ਦੇ ਅੱਠਵੇਂ ਅਧਿਆਏ ਦੇ ਸੂਤਰ 418 ਵਿੱਚ ਰਾਜਾ ਨੂੰ ਹਦਾਇਤ ਹੈ ਕਿ ਉਹ ਵੈਸ਼ ਅਤੇ ਸ਼ੂਦਰਾਂ ਤੋਂ ਉਹਨਾਂ ਦੇ ਕਰਮਾਂ ਅਨੁਸਾਰ ਕੰਮ ਕਰਵਾਉਂਦਾ ਰਹੇ, ਕਿਉਂਕਿ ਕਰਮ ਤੋਂ ਹੀਣ ਇਹ ਲੋਕ ਸੰਸਾਰ ਹਿਲਾ ਦੇਣਗੇ। ਅਨੁਸੂਚਿਤ ਜਾਤੀਆਂ, ਬ੍ਰਾਹਮਣ ਅਤੇ ਕਸ਼ੱਤਰੀਆਂ ਤੋਂ ਬਿਨਾਂ ਸਾਰੀਆਂ ਜਾਤੀਆਂ ਵੈਸ਼ ਹਨ। ਇਹਨਾਂ ਸਭਨਾਂ ਵੱਲੋਂ ਅਤੇ ਲੋਕ ਰਾਜ ਸਮਾਨਤਾ ਵਿੱਚ ਵਿਸ਼ਵਾਸ ਰੱਖਣ ਵਾਲੇ ਸਭ ਲੋਕਾਂ ਵੱਲੋਂ ਭਾਜਪਾ ਨੂੰ ਪੁੱਛਿਆ ਜਾਵੇਗਾ ਕਿ ਕੀ ਉਹ ਮਨੂੰ ਸਿਮਰਤੀ ਉੱਤੇ ਰੋਕ ਲਗਾਏਗੀ? ਬਾਰਾਂ ਦੇ ਬਾਰਾਂ ਅਧਿਆਏ ਸ਼ੂਦਰ ਅਤੇ ਵੈਸ਼ ਵਿਰੋਧੀ ਅਤੇ ਵਿਗਿਆਨ ਵਿਰੋਧੀ ਹਨ। ਇਸ ਪ੍ਰਸ਼ਨ ਦਾ ਉੱਤਰ ਵੀ ਲਿਆ ਜਾਵੇਗਾ ਕਿ ਭਾਜਪਾ ਦੇ ਬਜਰੰਗ ਦਲ ਅਤੇ ਅਜਿਹੀਆਂ ਹੋਰ ਸੈਨਾਵਾਂ ਕੀ ਪੰਜਾਬ ਵਿੱਚ ਹਰੀਜਨਾਂ ਨੂੰ ਘੋੜੀ ਚੜ੍ਹਨ ਤੋਂ ਤਾਂ ਨਹੀਂ ਰੋਕਣਗੀਆਂ ਅਤੇ ਹਰੀਜਨਾਂ ਦੇ ਉੱਤੇ ਪਿਸ਼ਾਬ ਤਾਂ ਨਹੀਂ ਕੀਤਾ ਜਾਵੇਗਾ? ਪੰਜਾਬ ਵਿੱਚ ਮੁਸਲਮਾਨਾਂ ਦੀਆਂ ਮਸਜਦਾਂ ਤਾਂ ਨਹੀਂ ਢਾਹੁਣਗੇ? ਕਿਉਂਕਿ ਇਹ ਪੰਜਾਬ ਹੈ। ਇੱਥੇ ਭਾਜਪਾ ਨੂੰ ਅਜਿਹੇ ਅਨੇਕਾਂ ਪ੍ਰਸ਼ਨਾਂ ਦੇ ਉੱਤਰ ਦੇਣੇ ਪੈਣਗੇ।

ਸਿੱਖ ਚਿਹਰਿਆਂ ਨੂੰ ਭਾਜਪਾ ਆਪਣੇ ਵਿੱਚ ਲੈ ਕੇ ਭਾਜਪਾ ਨੂੰ ਵਧੇਰੇ ਉਤਸ਼ਾਹਤ ਹੋਣ ਦੀ ਲੋੜ ਨਹੀਂ। ਇਹਨਾਂ ਦੀਆਂ ਮਜਬੂਰੀਆਂ ਇਹ ਜਾਨਣ, ਪਰ ਖੁਦਾ ਤੇ ਅੱਲਾਹ ਸ਼ਬਦ ਨੂੰ ਲੈ ਕੇ ਆਰ ਐੱਸ ਐੱਸ ਦਾ ਜੋ ਵਤੀਰਾ ਹੈ, ਉਸ ਵਿੱਚ ਪ੍ਰਸ਼ਨ ਤਾਂ ਪੁੱਛਿਆ ਹੀ ਜਾਵੇਗਾ ਕਿ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਅੱਲਾਹ ਸ਼ਬਦ ਪੰਜਾਬ ਵਿੱਚ ਹੀ ਸਹਿਣ ਯੋਗ ਹੋਵੇਗਾ ਜਾਂ ਯੂ ਪੀ ਅਤੇ ਮੱਧ ਪ੍ਰਦੇਸ਼ ਵਿੱਚ ਵੀ ਸਤਿਕਾਰਿਆ ਜਾਵੇਗਾ। ਪ੍ਰਸ਼ਨ ਤਾਂ ਇਹ ਵੀ ਪੁੱਛੇ ਜਾਣਗੇ ਕਿ ਕੀ ਚੰਡੀਗੜ੍ਹ ਪੰਜਾਬ ਨੂੰ ਮਿਲੇਗਾ? ਕੀ ਪੰਜਾਬ ਦੇ ਪਾਣੀਆਂ ਦਾ ਪਹਿਲਾ ਹੱਕ ਪੰਜਾਬ ਦਾ ਹੋਵੇਗਾ? ਕੀ ਰਾਜਸਥਾਨ ਤੋਂ ਪਾਣੀਆਂ ਦਾ ਮਾਲੀਆ ਪੰਜਾਬ ਨੂੰ ਬਕਾਏ ਸਮੇਤ ਮਿਲੇਗਾ? ਪ੍ਰਬੰਧ ਵਿੱਚ ਪੰਜਾਬ ਦੀ ਪਹਿਲੀ ਸਥਿਤੀ ਬਹਾਲ ਹੋਵੇਗੀ। ਇਹਨਾਂ ਮੁੱਦਿਆਂ ਉੱਤੇ ਤਾਂ ਪੰਜਾਬ ਤੋਂ ਸ਼ਾਮਲ ਹੋਣ ਵਾਲੇ ਨਵੇਂ ਸਿੱਖ ਚਿਹਰਿਆਂ ਤੋਂ ਪ੍ਰਸ਼ਨ ਵਿਸ਼ੇਸ਼ ਤੌਰ ’ਤੇ ਹੁਣ ਤੋਂ ਹੀ ਪੁੱਛਣੇ ਸ਼ੁਰੂ ਕਰਨੇ ਚਾਹੀਦੇ ਹਨ।

1984 ਦੇ ਦੰਗਿਆਂ ਉੱਤੇ ਭਾਜਪਾ ਵਾਰ-ਵਾਰ ਕਾਂਗਰਸ ਨੂੰ ਸਿੱਖ ਵਿਰੋਧੀ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਕਾਂਗਰਸ ਨੇ ਇਸ ਗੁਨਾਹ ਤੋਂ ਮੁਕਤੀ ਪਾਉਣ ਲਈ ਪਾਰਲੀਮੈਂਟ ਵਿੱਚ ਸਿੱਖਾਂ ਤੋਂ ਮਾਫੀ ਮੰਗੀ। ਰਾਹੁਲ ਗਾਂਧੀ ਨੇ ਸ੍ਰੀ ਹਰਿਮੰਦਰ ਸਾਹਿਬ ਭਾਂਡੇ ਮਾਂਜ ਮਾਫੀ ਮੰਗੀ। ਕੀ ਭਾਜਪਾ ਮਾਫੀ ਮੰਗੇਗੀ ਕਿ ਉਸ ਨੇ ਦਿੱਲੀ ਅਤੇ ਦੇਸ਼ ਦੇ ਦੂਜੇ ਸ਼ਹਿਰਾਂ ਵਿੱਚ ਬੇਹੱਦ ਮਜ਼ਬੂਤ ਸੰਗਠਨ ਹੁੰਦਿਆਂ ਹੋਇਆਂ ਵੀ ’84 ਵਿੱਚ ਸਿੱਖਾਂ ਅਤੇ ਪੰਜਾਬੀਆਂ ਦੀਆਂ ਜਾਨਾਂ ਨਹੀਂ ਬਚਾਈਆਂ। ਜਿਵੇਂ ਬੰਗਾਲ ਵਿੱਚ ਕਮਿਊਨਿਸਟਾਂ ਨੇ ਸਿੱਖਾਂ ਅਤੇ ਪੰਜਾਬੀਆਂ ਦੀਆਂ ਜਾਨਾਂ ਬਚਾਈਆਂ ਸਨ। ਅਡਵਾਨੀ ਦੀ ਉਸ ਕਿਤਾਬ ਨੂੰ ਸਿੱਖ ਵਿਰੋਧੀ ਨਹੀਂ ਕਿਹਾ, ਜਿਸ ਵਿੱਚ ਉਹ ਇੰਦਰਾ ਗਾਂਧੀ ਨੂੰ ਸਾਕਾ ਨੀਲਾ ਤਾਰਾ ਕਰਨ ਲਈ ਪ੍ਰੇਰਣਾ ਅਤੇ ਹੱਲਾਸ਼ੇਰੀ ਦੇਣ ਦਾ ਦਾਅਵਾ ਕਰਦਾ ਹੈ। ਇਹ ਅਤੇ ਅਜਿਹੇ ਹੋਰ ਕਿੰਨੇ ਹੀ ਪ੍ਰਸ਼ਨ ਹਨ, ਜੋ ਭਾਜਪਾ ਅਤੇ ਨਵੇਂ ਭਾਜਪਾਈਆਂ ਤੋਂ ਗਲੀ-ਗਲੀ, ਬਸਤੀ-ਬਸਤੀ ਪੁੱਛੇ ਜਾਣਗੇ।

ਅਜਿਹਾ ਨਹੀਂ ਕਿ ਦੂਜੀਆਂ ਪਾਰਟੀਆਂ ਨੂੰ ਪ੍ਰਸ਼ਨ ਨਹੀਂ ਪੁੱਛੇ ਜਾਣਗੇ। ਕਾਂਗਰਸ, ਅਕਾਲੀ, ਆਮ ਆਦਮੀ ਸਭ ਲਈ ਲੋਕਾਂ ਕੋਲੋਂ ਪੁੱਛੇ ਜਾਣ ਵਾਲੇ ਪ੍ਰਸ਼ਨ ਹਨ। ਇਸ ਸੰਬੰਧ ਵਿੱਚ ਕਮਿਊਨਿਸਟ ਪਾਰਟੀਆਂ ਹੀ ਹਨ, ਜਿਹਨਾਂ ਨੂੰ ਪ੍ਰਸ਼ਨ ਪੁੱਛੇ ਜਾਣ ਦੇ ਉਲਟ ਇਹ ਕਮਿਊਨਿਸਟ ਪਾਰਟੀਆਂ ਪੰਜਾਬ ਦੇ ਵੋਟਰਾਂ ਤੋਂ ਪ੍ਰਸ਼ਨ ਪੁੱਛਣ ਦੀਆਂ ਹੱਕਦਾਰ ਹਨ। ਪ੍ਰਸ਼ਨ ਹੈ ਕਿ ਕਮਿਊਨਿਸਟ ਪਾਰਟੀਆਂ ਪੰਜਾਬ ਦੇ ਵੋਟਰਾਂ ਤੋਂ ਪੁੱਛ ਸਕਦੀਆਂ ਹਨ ਕਿ ਦੇਸ਼ ਦੀ ਅਜ਼ਾਦੀ ਵਿੱਚ ਇਮਾਨਦਾਰੀ ਨਾਲ ਕੁਰਬਾਨੀਆਂ ਦੇਣ ਵਾਲੇ ਕਮਿਊਨਿਸਟ ਪੰਜਾਬ ਦੇ ਮਸਲਿਆਂ, ਅੱਤਵਾਦ ਵਿਰੁੱਧ, ਕਿਸਾਨਾਂ, ਮਜ਼ਦੂਰਾਂ, ਭਾਈਚਾਰਕ ਏਕਤਾ ਅਤੇ ਹੋਰ ਮੁੱਦਿਆਂ ਉੱਤੇ ਅੱਗੇ ਹੋ ਕੇ ਪੰਜਾਬ ਦੇ ਹੱਕਾਂ ਲਈ ਖੜ੍ਹੇ, ਲੜੇ ਅਤੇ ਮਰੇ, ਪਰ ਪੰਜਾਬ ਦੇ ਵੋਟਰ ਚੋਣਾਂ ਸਮੇਂ ਉਹਨਾਂ ਨਾਲ ਇਨਸਾਫ ਨਹੀਂ ਕਰਦੇ ਰਹੇ।

**# ਸੰਪਰਕ : 94176-52947**

# ਜਿਸ ਤਨ ਲਾਗੈ ਸੋਈ ਤਨ ਜਾਣੈ

ਅੰਮ੍ਰਿਤ ਕੌਰ

ਦੁਨੀਆ ਭਰ ਦਾ ਹਰ ਵਿਅਕਤੀ ਸਿੱਧੇ-ਅਸਿੱਧੇ ਤੌਰ ’ਤੇ ਖੇਤੀ ਨਾਲ ਜੁੜਿਆ ਹੋਇਆ ਹੈ। ਕਿਸੇ ਵੀ ਰੂਪ ਵਿੱਚ ਵਰਤਿਆ ਜਾਵੇ ਅਨਾਜ ਬਿਨਾਂ ਕਿਸੇ ਦਾ ਨਹੀਂ ਸਰਦਾ। ਸਿੱਧੀ ਜਿਹੀ ਗੱਲ ਐ ਸਭ ਦੇ ਢਿੱਡ ਲੱਗੇ ਹੋਏ ਨੇ, ਇਹਨਾਂ ਨੂੰ ਭਰਨ ਵਾਸਤੇ ਅਨਾਜ, ਫਲ, ਸਬਜ਼ੀਆਂ ਆਦਿ ਦੀ ਜ਼ਰੂਰਤ ਹੁੰਦੀ ਹੈ। ਉਹ ਸਾਨੂੰ ਖੇਤਾਂ ਵਿੱਚੋਂ ਮਿਲਦੇ ਹਨ। ਅਸੀਂ ਆਪਣੀ ਥਾਲ਼ੀ ਵਿੱਚ ਪਏ ਭੋਜਨ ਦੇ ਪਿੱਛੇ ਹੋਈ ਮਿਹਨਤ ਬਾਰੇ ਸੋਚੀਏ ਤਾਂ ਸਭ ਤੋਂ ਵੱਧ ਮਿਹਨਤ ਕਿਰਤੀ ਕਿਸਾਨ ਦੀ ਹੁੰਦੀ ਹੈ। ਕਿਸਾਨ ਖੇਤ ਵਾਹੁੰਦਾ-ਸੰਵਾਰਦਾ ਹੈ। ਫਿਰ ... ਚਿੜੀਆਂ- ਜਨੌਰਾਂ ਦੇ ਭਾਗੀਂ, ਹਾਲ਼ੀ-ਪਾਲ਼ੀ ਦੇ ਭਾਗੀਂ, ਰਾਹੀ-ਪਾਂਧੀ ਦੇ ਭਾਗੀਂ ... ਆਖ ਕੇ ਬੀਜ ਬੀਜਦਾ ਹੈ। ਬੀਜਾਂ ਨੂੰ ਪੁੰਗਰਦੇ ਵੇਖਦਾ, ਸਮੇਂ ਤੇ ਪਾਣੀ, ਖਾਦ-ਖ਼ੁਰਾਕ ਦਿੰਦਾ ਹੈ, ਬਿਮਾਰੀਆਂ ਤੋਂ ਬਚਾਉਣ ਲਈ ਸੌ ਹੀਲੇ-ਵਸੀਲੇ ਕਰਦਾ ਹੈ। ਆਪਣੀ ਫ਼ਸਲ ਨੂੰ ਜਵਾਨ ਹੁੰਦੀ ਵੇਖਦਾ ਹੈ। ਕਈ ਮਹੀਨਿਆਂ ਦੀ ਮੁਸ਼ੱਕਤ ਤੋਂ ਬਾਅਦ ਫਿਰ ਕਿਤੇ ਜਾ ਕੇ ਉਸ ਦੀ ਮਿਹਨਤ ਨੂੰ ਬੂਰ ਪੈਂਦਾ ਹੈ। ਰੀਝਾਂ ਪੂਰੀਆਂ ਹੋਣ ਦੀ ਆਸ ਬੱਝਦੀ ਹੈ।

ਮਿਹਨਤ ਨੂੰ ਫਲ਼ ਪੈਂਦਾ ਵੇਖ ਕੇ ਖੁਸ਼ ਹੋਣਾ ਕੁਦਰਤੀ ਗੱਲ ਹੈ। ਭਰਪੂਰ ਫ਼ਸਲ ਨੂੰ ਵੇਖ ਕੇ ਕਿਸਾਨ ਦੀ ਖੁਸ਼ੀ ਦੀ ਝਲਕ ਉਸ ਦੇ ਬਹਿਣ-ਖਲੋਣ ਦੇ ਤਰੀਕੇ ਵਿੱਚੋਂ ਵੀ ਨਜ਼ਰ ਆਉਂਦੀ ਹੈ। ਉਹ ਆਪਣੇ ਹੱਥ ਫੜੀ ਸੋਟੀ ਨੂੰ ਇੱਕ ਪਾਸੇ ਵੱਟ ਤੇ ਗੱਡ ਦਿੰਦਾ ਹੈ। ਆਪਣੀਆਂ ਢਾਕਾਂ ਉੱਤੇ ਹੱਥ ਧਰ ਕੇ ਮਾਣ ਨਾਲ਼ ਆਪਣੇ ਖੇਤਾਂ ਨੂੰ ਨਿਹਾਰਦਾ ਹੈ। ਵੱਟ ’ਤੇ ਪੱਬਾਂ ਭਾਰ ਬੈਠ ਕੇ ਬੱਲੀਆਂ ਦਾ ਅਕਾਰ ਵੇਖਦਾ ਹੈ। ਆਪਣੇ ਹੱਥ ਨਾਲ਼ ਮਿਣ ਕੇ ਉਸ ਦੀ ਲੰਬਾਈ ਮਾਪਣ ਦੀ ਕੋਸ਼ਿਸ਼ ਕਰਦਾ ਹੈ। ਦਾਣਿਆਂ ਦੇ ਭਰਵੇਂ ਹੋਣ ਦਾ ਅੰਦਾਜ਼ਾ ਲਾਉਂਦਾ ਹੈ, ਆਲ਼ੇ-ਦੁਆਲ਼ਿਓਂ ਦੋ-ਚਾਰ ਘਾਹ ਦੀਆਂ ਤਿੜ੍ਹਾਂ ਵੀ ਪੁੱਟ ਸੁੱਟਦਾ ਹੈ। ਉਸ ਨੂੰ ਵਿਸਾਖੀ ਦਾ ਮੇਲਾ ਚੇਤੇ ਆਉਂਦਾ ਹੈ। ਉਸ ਦੀ ਸੋਚ ਮੇਲਾ ਵੇਖਣ ਦੀਆਂ ਉਡਾਰੀਆਂ ਭਰਦੀ ਹੈ। ਉਸ ਦੀਆਂ ਖੁੱਲ੍ਹੀਆਂ ਅੱਖਾਂ ਸੁਪਨੇ ਵੇਖਦੀਆਂ ਹਨ, ਪਰਵਾਰਕ ਜੀਆਂ ਦੀਆਂ ਲੋੜਾਂ ਪੂਰੀਆਂ ਕਰਨ ਬਾਰੇ ਸੋਚ ਕੇ ਖੁਸ਼ ਹੁੰਦਾ ਹੈ।

ਇਸ ਦੇ ਉਲਟ ਜਦੋਂ ਕਿਸਾਨ ਦੀ ਪੱਕੀ ਪਕਾਈ ਫਸਲ ਉੱਤੇ ਕੁਦਰਤ ਆਪਣੀ ਕਰੋਪੀ ਵਿਖਾਉਂਦੀ ਹੈ ਤਾਂ ਕਿਸਾਨ ਦਾ ਕਾਲਜਾ ਫੜਿਆ ਜਾਂਦਾ ਹੈ। ਕਦੇ ਉਹ ਆਪਣੇ ਭਾਗਾਂ ਨੂੰ ਕੋਸਦਾ ਹੈ, ਕਦੇ ਰੱਬ ਉਸ ਨੂੰ ਆਪਣਾ ਵੈਰੀ ਜਾਪਦਾ ਹੈ। ਮੀਂਹ-ਝੱਖੜ, ਗੜਿਆਂ ਦੀ ਮਾਰ ਨਾਲ਼ ਬਰਬਾਦ ਹੋਈ ਫਸਲ ਨੂੰ ਵੇਖ ਕੇ ਉਸ ਦਾ ਖੇਤ ਦੀ ਵੱਟ ਉੱਤੇ ਵਹਿਣ-ਖਲੋਣ ਦਾ ਤਰੀਕਾ ਬਦਲ ਜਾਂਦਾ ਹੈ। ਕੁੱਤੇ-ਬਿੱਲੇ ਤੋਂ ਬਚਾਅ ਲਈ ਹੱਥ ਵਿੱਚ ਫੜੀ ਸੋਟੀ ਤੋਂ ਉਹ ਆਪਣੇ ਸਰੀਰ ਨੂੰ ਸਹਾਰਾ ਦੇਣ ਲੱਗ ਪੈਂਦਾ ਹੈ। ਖੇਤ ਦੀ ਵੱਟ ’ਤੇ ਬੈਠਣ ਵੇਲ਼ੇ ਵੀ ਉਸ ਦਾ ਇੱਕ ਹੱਥ ਸੋਟੀ ਨੂੰ ਦੂਜਾ ਹੱਥ ਗੋਡਿਆਂ ਅਤੇ ਢਿੱਡ ਦੇ ਵਿਚਾਲ਼ੇ ਕਾਲਜੇ ਪੈਂਦੇ ਹੌਲ ਨੂੰ ਦੱਬਣ ਲਈ ਰੱਖਿਆ ਹੁੰਦਾ ਹੈ।

ਪੱਕੀ ਪਕਾਈ ਫ਼ਸਲ ’ਤੇ ਜਦੋਂ ਗੜਿਆਂ ਦੀ ਮਾਰ ਪੈਂਦੀ ਹੈ, ਮੰਜੇ ’ਤੇ ਬੈਠੀ ਕਿਸਾਨ ਦੀ ਬਜ਼ੁਰਗ ਮਾਂ ਆਪਣੇ ਬੱਚਿਆਂ ਨੂੰ ਆਵਾਜ਼ ਮਾਰਦੀ ਹੈ-ਵੇ ਕੋਈ ਤਵਾ ਮੂਧਾ ਮਾਰ ਦਿਓ, ਟੋਕਰਾ ਵੀ ਮੂਧਾ ਮਾਰ ਦਿਓ। ਨਵੀਂ ਪੀੜ੍ਹੀ ਦੇ ਜਵਾਕ ਬੇਬੇ ਦੀ ਗੱਲ ਸੁਣ ਕੇ... ਵਹਿਮਾਂ ਵਿੱਚ ਫਸੀ ਬੇਬੇ...ਆਖ ਕੇ ਮਜ਼ਾਕ ਕਰਦੇ ਹਨ। ਉਹ ਆਪ ਸੋਟੀ ਸਹਾਰੇ ਉੱਠ ਕੇ ਜਾਣ ਦੀ ਕੋਸ਼ਿਸ਼ ਕਰਦੀ ਹੈ। ਬੇਬੇ ਦੇ ਸੱਟ ਲੱਗਣ ਦੇ ਡਰੋਂ ਜਵਾਕ ਆਪੇ ਤਵਾ ਅਤੇ ਟੋਕਰਾ ਮੂਧਾ ਮਾਰ ਆਉਂਦੇ ਹਨ। ਜਦੋਂ ਬੇਬੇ ਉਹਨਾਂ ਨੂੰ ਮਤਲਬ ਸਮਝਾਉਂਦੀ ਹੈ ਤਾਂ ਉਹ ਇੱਕ-ਦੂਜੇ ਦੇ ਮੂੰਹ ਵੱਲ ਬਿਟਰ-ਬਿਟਰ ਵੇਖਦੇ ਹਨ। ਬੇਬੇ ਦੱਸਦੀ ਹੈ-ਇਹ ਕੁਦਰਤ ਨੂੰ ਸੁਨੇਹਾ ਹੁੰਦਾ ਐ। ਤੁਸੀਂ ਆਵਦੇ ਹਿਸਾਬ ਨਾਲ਼ ਅਰਦਾਸਾਂ ਕਰਦੇ ਓ, ਅਸੀਂ ਚੁੱਪ ਕਰਕੇ ਵੀ ਅਰਦਾਸ ਕਰ ਲੈਂਦੇ ਹਾਂ। ਤਵਾ ਮੂਧਾ ਮਾਰਨ ਦਾ ਮਤਲਬ...ਕੁਦਰਤ ਅੱਗੇ ਤਰਲਾ ਹੁੰਦੈ ਕਿ ਜੇ ਇਹ ਮੀਂਹ-ਗੜੇ ਬੰਦ ਨਾ ਹੋਏ ਤਾਂ ਸਾਡੇ ਤਵੇ ਮੂਧੇ ਹੋ ਜਾਣੇ ਨੇ। ਜਦੋਂ ਫਸਲਾਂ ਬਰਬਾਦ ਹੋ ਜਾਣਗੀਆਂ, ਘਰੇ ਅਨਾਜ ਨਹੀਂ ਆਵੇਗਾ ਫਿਰ ਰੋਟੀ ਪਕਾਉਣ ਲਈ ਤਵੇ ਵੀ ਸਿੱਧੇ ਕਿਵੇਂ ਹੋਣਗੇ। ਐਸੇ ਤਰ੍ਹਾਂ ਟੋਕਰਾ ਮੂਧਾ ਮਾਰਨ ਦਾ ਵੀ ਇਹੀ ਮਤਲਬ ਐ ਫਿਰ ਡੰਗਰਾਂ ਲਈ ਦਾਣਾ-ਚਾਰਾ ਵੀ ਨਹੀਂ ਹੋਣਾ। ਸੌ ਗੱਲਾਂ ਦੀ ਇੱਕ ਗੱਲ, ਅਸੀਂ ਅਤੇ ਸਾਡੇ ਡੰਗਰ-ਵੱਛੇ ਸਾਰੇ ਭੁੱਖੇ ਮਰ ਜਾਵਾਂਗੇ।

ਕਿਸਾਨ ਆਪਣੀ ਕਮਾਈ ਫ਼ਸਲ ਨੂੰ ਕਿਤੇ ਲੁਕੋ ਕੇ ਨਹੀਂ ਰੱਖ ਸਕਦਾ। ਉਹ ਆਪਣੀਆਂ ਅੱਖਾਂ ਨਾਲ ਲਹਿਲਹਾਉਂਦੀ ਫ਼ਸਲ ਨੂੰ ਬਰਬਾਦ ਹੁੰਦੀ ਵੇਖਦਾ ਹੈ। ਇਸ ਤਰ੍ਹਾਂ ਦਾ ਨੁਕਸਾਨ ਦੇਖਣਾ ਬੜੇ ਵੱਡੇ ਜਿਗਰੇ ਦਾ ਕੰਮ ਹੈ। ਚਿਹਰੇ ’ਤੇ ਪੈਂਦੀਆਂ ਮੀਂਹ ਦੀਆਂ ਠੰਢੀਆਂ ਕਣੀਆਂ ਵਿੱਚੋਂ ਆਪਣੀਆਂ ਗੱਲ੍ਹਾਂ ਉੱਪਰ ਦੀ ਦਾੜ੍ਹੀ ਵਿੱਚ ਸਮਾਉਂਦੀ ਕੋਸੇ ਪਾਣੀ ਦੀ ਘਰਾਲ਼ ਨੂੰ ਸਿਰਫ਼ ਉਹੀ ਜਾਣਦਾ ਹੈ... ਜਿਸ ਤਨ ਲਾਗੇ ਸੋਈ ਜਾਣੇ... ਉਸ ਦੇ ਸੁਪਨੇ ਰੀਝਾਂ ਸਭ ਖ਼ਤਮ ਹੋ ਜਾਂਦੀਆਂ ਹਨ। ਕਰਜ਼ਾ ਵਧਣ ਦਾ ਫ਼ਿਕਰ ਸਤਾਉਣ ਲੱਗ ਪੈਂਦਾ ਹੈ। ਪਰਵਾਰ ਦੀਆਂ ਲੋੜਾਂ ਮੂੰਹ ਅੱਡੀ ਖੜ੍ਹੀਆਂ ਨਜ਼ਰ ਆਉਂਦੀਆਂ ਹਨ। ਠੇਕੇ ’ਤੇ ਜ਼ਮੀਨ ਲੈਣ ਵਾਲ਼ੇ ਕਿਸਾਨਾਂ ਦੀ ਚਿੰਤਾ ਵਧ ਹੁੰਦੀ ਹੈ। ਉਹਨਾਂ ਨੇ ਠੇਕਾ ਵੀ ਦੇਣਾ ਹੁੰਦਾ ਹੈ ਅਤੇ ਪਰਵਾਰ ਦੀਆਂ ਲੋੜਾਂ ਵੀ ਪੂਰੀਆਂ ਕਰਨੀਆਂ ਹੁੰਦੀਆਂ ਹਨ।

ਫ਼ਸਲਾਂ ਦੀ ਤਬਾਹੀ ਦੀ ਭਰਪਾਈ ਕੋਈ ਨਹੀਂ ਕਰ ਸਕਦਾ। ਕਿਸਾਨ ਆਪਣੀਆਂ ਵੋਟਾਂ ਨਾਲ਼ ਆਪਣੇ ਹੱਥੀਂ ਬਣਾਏ ਰਾਜਿਆਂ ਦੇ ਮੂੰਹਾਂ ਵੱਲ ਵੇਖਦੇ ਹਨ। ਸਰਕਾਰਾਂ ਅੱਖਾਂ ਪੂੰਝਣ ਦੀ ਕੋਸ਼ਿਸ਼ ਕਰਦੀਆਂ ਹਨ, ਜੋ ਕਰਦੀਆਂ ਹਨ ਉਹ ਕਾਫ਼ੀ ਨਹੀਂ ਹੁੰਦਾ। ਕਿਸਾਨ ਦੇ ਸਬਰ ਦੀ ਪਰਖ਼ ਹਰ ਮੌਸਮ ਵਿੱਚ ਹੁੰਦੀ ਹੈ। ਇਹਨਾਂ ਬੇਵਸੀਆਂ, ਲਾਚਾਰੀਆਂ ਵਿੱਚੋਂ ਸੰਘਰਸ਼ ਉਪਜਦਾ ਹੈ। ਕਿਰਤੀ ਤੇ ਕਿਸਾਨ ਸੜਕਾਂ ’ਤੇ ਉੱਤਰ ਆਉਂਦੇ ਹਨ, ਪਰ ਨੇਤਾਵਾਂ ਦੀ ਬਹੁਤੀ ਤਾਕਤ ਇੱਕ-ਦੂਜੀ ਪਾਰਟੀ ਵਾਲ਼ਿਆਂ ਦੀ ਨਿੰਦਿਆ ਕਰਨ ’ਤੇ, ਪਾਰਟੀਆਂ ਬਦਲਣ ’ਤੇ, ਵਿਰੋਧੀਆਂ ਦੇ ਔਗੁਣ ਫਰੋਲਣ ਉੱਤੇ ਲੱਗੀ ਹੁੰਦੀ ਹੈ। ਆਪੋਧਾਪੀ ਵਿੱਚ ਉਲਝਿਆਂ ਨੂੰ ਕਿਰਤੀ ਤੇ ਕਿਸਾਨ ਉਦੋਂ ਹੀ ਦਿਸਦੇ ਹਨ, ਜਦੋਂ ਚੋਣਾਂ ਨੇੜੇ ਆ ਜਾਂਦੀਆਂ ਹਨ। ਉਹਨਾਂ ਦੀ ਕਹਿਣੀ ਅਤੇ ਕਰਨੀ ਵਿੱਚ ਬਹੁਤ ਫ਼ਰਕ ਹੁੰਦਾ ਹੈ। ਖਾਣ ਵੇਲ਼ੇ ਦੰਦ ਹੋਰ ਅਤੇ ਵਿਖਾਉਣ ਵਾਲ਼ੇ ਹੋਰ ਹੁੰਦੇ ਹਨ।

ਅਸਲ ਗੱਲ ਤਾਂ ਇਹ ਹੈ, ਉਹ ਡਿੱਗਦਾ ਹੈ ਫੇਰ ਆਪਣੇ ਆਪ ਨੂੰ ਆਪੇ ਸੰਭਾਲਦਾ ਹੋਇਆ ਖੜ੍ਹਾ ਹੁੰਦਾ ਹੈ। ਵਾਰ-ਵਾਰ ਡਿੱਗ ਕੇ ਉੱਠਣਾ ਹੀ ਉਸ ਦੀ ਖਾਸੀਅਤ ਹੈ। ਉਸ ਦੀ ਪੀੜ ਨੂੰ ਕੋਈ ਨਹੀਂ ਜਾਣਦਾ। ਬਰਬਾਦ ਹੋਈਆਂ ਫ਼ਸਲਾਂ ਦੀ ਤਕਲੀਫ਼ ਸੀਨੇ ਅੰਦਰ ਲੁਕੋ ਕੇ ਬਚੇ ਦਾਣਿਆਂ ਨੂੰ ਸਮੇਟਦਾ ਹੈ। ਬਾਬੇ ਦੇ ਕਹੇ: ‘ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥’ ਉੱਤੇ ਅਮਲ ਕਰਦਾ ਫਿਰ ਖੇਤ ਵਾਹੁੰਦਾ, ਬੀਜਦਾ ਹੈ। ਫਿਰ ਆਪਣੀ ਫ਼ਸਲ ਨੂੰ ਵੇਖ ਕੇ ਖੁਸ਼ ਹੁੰਦਾ ਹੈ। ਬਸ ਇਸੇ ਤਰ੍ਹਾਂ ਉਸ ਦਾ ਜੀਵਨ ਚੱਲਦਾ ਹੈ। ਆਪਣੇ ਆਪ ਨੂੰ ਸੰਭਾਲਦਾ ਦੁਨੀਆਂ ਦੇ ਖਾਣ ਦਾ ਪ੍ਰਬੰਧ ਕਰਨ ਲਈ ਦਿਨ-ਰਾਤ ਮਿਹਨਤ ਕਰਦਾ ਹੈ। ਕਿਰਤੀ ਕਿਸਾਨ ਦੀ ਇਸ ਮਿਹਨਤ ਨੂੰ ਸਲਾਮ ਹੈ।

**# ਸੰਪਰਕ : 98767-14004**

# ਜਲ ਸਰੋਤਾਂ ਦੀ ਸੰਭਾਲ ਬੇਹੱਦ ਜ਼ਰੂਰੀ


ਨਰਿੰਦਰ ਸਿੰਘ

ਸਾਡੀ ਧਰਤੀ ਦੇ ਦੁਆਲੇ ਤਿੰਨ ਚੌਥਾਈ ਪਾਣੀ ਹੈ। ਪਚੰਨਵੇਂ ਫ਼ੀਸਦ ਪਾਣੀ ਪੀਣ ਯੋਗ ਨਹੀਂ ਹੈ। ਸਿਰਫ 5 ਫ਼ੀਸਦ ਪਾਣੀ ਹੀ ਪੀਣਯੋਗ ਹੈ। ਭਾਰਤ ਵਿੱਚ 1940 ਤੱਕ ਦੇਸ਼ ਦੀ ਵਸੋਂ ਲਈ ਪਾਣੀ ਦੇ ਸਾਧਨ ਕਾਫ਼ੀ ਸਨ। 1947 ਤੱਕ ਪ੍ਰਤੀ ਵਿਅਕਤੀ ਪਾਣੀ ਦੀ ਉਪਲੱਬਧਤਾ 2100 ਕਿਊਬਿਕ ਮੀਟਰ ਸੀ, ਜੋ 1980 ਤੱਕ ਘਟ ਕੇ 1800 ਕਿਊਬਿਕ ਮੀਟਰ ਰਹਿ ਗਈ ਤੇ ਅੱਜ-ਕੱਲ੍ਹ 1500 ਕਿਊਬਿਕ ਮੀਟਰ ਤੋਂ ਵੀ ਘੱਟ ਹੈ। ਮਾਹਰਾਂ ਅਨੁਸਾਰ ਜਿਹੜੇ ਦੇਸ਼ਾਂ ’ਚ ਪਾਣੀ ਦੀ ਪੂਰਤੀ 1700 ਕਿਊਬਿਕ ਮੀਟਰ ਤੋਂ ਘੱਟ ਹੈ, ਉਹ ਪਾਣੀ ਦੀ ਥੁੜ੍ਹ ਦੇ ਦਬਾਅ ਅਧੀਨ ਹਨ।

ਦੁਨੀਆ ਦੀ ਕੁੱਲ ਵਸੋਂ ਦਾ 17.6 ਫ਼ੀਸਦ ਹਿੱਸਾ ਭਾਰਤ ਵਿੱਚ ਵਸਦਾ ਹੈ। ਮਾਹਰਾਂ ਅਨੁਸਾਰ ਵਧਦੀ ਵਸੋਂ ਦੇ ਚੱਲਦਿਆਂ ਪਾਣੀ ਦੀ ਮੰਗ 40 ਫ਼ੀਸਦੀ ਵਧ ਜਾਵੇਗੀ। ਖੇਤੀਬਾੜੀ ਅਤੇ ਸਨਅਤੀਕਰਨ ਦੇ ਤੇਜ਼ੀ ਨਾਲ ਵਿਕਾਸ ਕਰਨ ਅਤੇ ਘਰਾਂ ਵਿਚ ਟੂਟੀਆਂ ਲੱਗਣ ਨਾਲ ਵੀ ਪਾਣੀ ਦੀ ਖਪਤ ਕਈ ਗੁਣਾਂ ਹੋਰ ਵਧ ਗਈ ਹੈ, ਜਿਸ ਕਾਰਨ ਧਰਤੀ ਹੇਠ ਪਾਣੀ ਦਾ ਪੱਧਰ ਹੋਰ ਨੀਵਾਂ ਹੁੰਦਾ ਜਾ ਰਿਹਾ ਹੈ। ਪਾਣੀ ਨੂੰ ਬਚਾਉਣ, ਜਮ੍ਹਾਂ ਕਰਨ ਤੇ ਇਸ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਣ ਲਈ ਵੱਡੇ ਯਤਨਾਂ ਦੀ ਲੋੜ ਹੈ।

ਸੰਯੁਕਤ ਰਾਸ਼ਟਰ ਦੀ ਰਿਪੋਰਟ ਦੱਸਦੀ ਹੈ ਕਿ ਚਾਰ ਅਰਬ ਲੋਕਾਂ ਕੋਲ ਪਾਣੀ ਦੀ ਕਮੀ ਹੈ ਅਤੇ 160 ਕਰੋੜ ਲੋਕ ਪੀਣ ਵਾਲੇ ਪਾਣੀ ਤੋਂ ਵਾਂਝੇ ਹਨ। ਦੇਸ਼ ਦੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਮੰਨਣਾ ਹੈ ਕਿ ਗੰਗਾ ਸਮੇਤ 62 ਫ਼ੀਸਦ ਨਦੀਆਂ ਦਾ ਪਾਣੀ ਨਹਾਉਣ ਯੋਗ ਨਹੀਂ। ਇੱਥੋਂ ਤੱਕ ਕਿ ਸ਼ਹਿਰਾਂ ਨੂੰ ਸਪਲਾਈ ਹੋਣ ਵਾਲਾ ਪਾਣੀ ਵੀ ਪੀਣ ਯੋਗ ਨਹੀਂ ਹੁੰਦਾ, ਜਿਸ ਦੇ ਨਤੀਜੇ ਵਜੋਂ ਇੰਦੌਰ ਸ਼ਹਿਰ ਵਰਗੇ ਦੁਖਾਂਤ ਵਾਪਰਦੇ ਹਨ। ਦੇਸ਼ ’ਚ ਪੀਣ ਯੋਗ ਸਵੱਛ ਪਾਣੀ ਦੀ ਸ਼ਹਿਰਾਂ ’ਚ ਸਪਲਾਈ ਇਕ ਵੱਡੀ ਸਮੱਸਿਆ ਬਣੀ ਹੋਈ ਹੈ। ਸ਼ਹਿਰਾਂ ’ਚ ਪਾਈਪਾਂ ਨਾਲ ਸਾਫ਼ ਪਾਣੀ ਦੀ ਸਪਲਾਈ ਹੋਣ ਦੇ ਬਾਵਜੂਦ ਇਸ ਪਾਣੀ ’ਚ 15 ਫ਼ੀਸਦ ਤੋਂ ਵੱਧ ਨਮੂਨੇ ਘਾਤਕ ਬੈਕਟਰੀਆ ਵਾਲੇ ਹਨ, ਜਦਕਿ ਪੇਂਡੂ ਖੇਤਰਾਂ ’ਚ ਪਾਣੀ ਦੇ ਸਿਰਫ਼ 15 ਫ਼ੀਸਦ ਨਮੂਨੇ ਹੀ ਸਹੀ ਪਾਏ ਗਏ ਹਨ।

ਜਿਉਂ-ਜਿਉਂ ਦੇਸ਼ ਵਿਚ ਸਨਅਤੀਕਰਨ ਦਾ ਅਮਲ ਵਧ ਰਿਹਾ ਹੈ, ਸਨਅਤਾਂ ਦਾ ਗੰਦਾ ਅਤੇ ਤੇਜ਼ਾਬੀ ਪਾਣੀ ਵੀ ਨਦੀਆਂ-ਨਾਲਿਆਂ ਵਿਚ ਬਿਨਾਂ ਸਾਫ਼ ਕੀਤਿਆਂ ਨਿਰੰਤਰ ਸੁੱਟਿਆ ਜਾ ਰਿਹਾ ਹੈ। ਬਿਨਾਂ ਸ਼ੱਕ ਕੌਮੀ ਪੱਧਰ ’ਤੇ ਅਤੇ ਵੱਖ ਵੱਖ ਸੂਬਿਆਂ ਦੇ ਪੱਧਰ ’ਤੇ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਅਨੇਕਾਂ ਕਾਨੂੰਨ ਹਨ। ਹਾਈ ਕੋਰਟ, ਸੁਪਰੀਮ ਕੋਰਟ ਅਤੇ ਇੱਥੋਂ ਤੱਕ ਕਿ ਨੈਸ਼ਨਲ ਗਰੀਨ ਟ੍ਰਿਬਿਊਨਲ ਸ਼ਿਕਾਇਤਾਂ ਮਿਲਣ ’ਤੇ ਇਸ ਸਮੱਸਿਆ ’ਤੇ ਸੁਣਵਾਈ ਕਰਕੇ ਸਰਕਾਰਾਂ ਨੂੰ ਨਿਰਦੇਸ਼ ਵੀ ਦਿੰਦੇ ਰਹਿੰਦੇ ਹਨ, ਪਰ ਦਰਿਆਵਾਂ ਅਤੇ ਨਦੀਆਂ-ਨਾਲਿਆਂ ਵਿੱਚ ਪੈਂਦੇ ਗੰਦੇ ਪਾਣੀਆਂ ਦੀ ਸਮੱਸਿਆ ਨਿਰੰਤਰ ਬਣੀ ਹੋਈ ਹੈ। ਗੰਗਾ ਅਤੇ ਯਮਨਾ ਨੂੰ ਸਾਫ਼ ਕਰਨ ਲਈ ਵੀ ਅਨੇਕਾਂ ਪ੍ਰਾਜੈਕਟ ਬਣਦੇ ਹਨ। ਵੱਡੀ ਪੱਧਰ ’ਤੇ ਪੈਸੇ ਵੀ ਖਰਚ ਕੀਤੇ ਜਾਂਦੇ ਹਨ, ਪਰ ਸਥਿਤੀ ਇਸ ਪੱਖ ਤੋਂ ਪਹਿਲਾਂ ਵਾਲੀ ਹੀ ਬਣੀ ਰਹਿੰਦੀ ਹੈ।

ਪੰਜਾਬ ਅੰਦਰ ਵੀ ਦਰਿਆਵਾਂ ਦੇ ਪ੍ਰਦੂਸ਼ਤ ਹੋਣ ਦਾ ਮਸਲਾ ਕਾਫ਼ੀ ਗੰਭੀਰ ਰੂਪ ਧਾਰਨ ਕਰ ਚੁੱਕਾ ਹੈ। ਸਤਲੁਜ ਅਤੇ ਬਿਆਸ ਦੋਵਾਂ ਦਰਿਆਵਾਂ ਵਿਚ ਸ਼ਹਿਰੀ ਤੇ ਦਿਹਾਤੀ ਆਬਾਦੀਆਂ ਦਾ ਗੰਦਾ ਪਾਣੀ ਅਤੇ ਸਨਅਤਾਂ ਦਾ ਬਿਨਾਂ ਸਾਫ਼ ਕੀਤਾ ਪਾਣੀ ਨਿਰੰਤਰ ਪੈ ਰਿਹਾ ਹੈ। ਅਨੇਕਾਂ ਵਾਰ ਇਨ੍ਹਾਂ ਕਾਰਨਾਂ ਕਰਕੇ ਮੱਛੀਆਂ ਦੇ ਮਰਨ ਦੀਆਂ ਵੀ ਖ਼ਬਰਾਂ ਆਉਂਦੀਆਂ ਹਨ। ਪੰਜਾਬ ਦੇ ਨਾਲ ਲਗਦੇ ਹਿਮਾਚਲ ਦੇ ਇਲਾਕਿਆਂ ਵਿਚ ਵਧੇਰੇ ਸਨਅਤਾਂ ਲੱਗਣ ਕਰਨ ਹੁਣ ਪੰਜਾਬ ਆਉਂਦੇ ਦਰਿਆ ਪਾਣੀ ਦੇ ਪੱਖ ਤੋਂ ਹਿਮਾਚਲ ਵਿਚ ਹੀ ਪ੍ਰਦੂਸ਼ਤ ਹੋ ਜਾਂਦੇ ਹਨ। ਅੱਗੇ ਦਰਿਆਵਾਂ ਦੇ ਪੰਜਾਬ ਵਿਚ ਦਾਖ਼ਲ ਹੋਣ ਤੋਂ ਬਾਅਦ ਵੀ ਉਨ੍ਹਾਂ ਦੇ ਪਾਣੀ ਦੇ ਪ੍ਰਦੂਸ਼ਣ ਦਾ ਪੱਧਰ ਨਿਰੰਤਰ ਵਧਦਾ ਰਹਿੰਦਾ ਹੈ। ਹਾਲਾਂਕਿ ਪੰਜਾਬ ਦੀਆਂ ਸਰਕਾਰਾਂ ਵੱਲੋਂ ਸਮੇਂ-ਸਮੇਂ ’ਤੇ ਕੁਝ ਕਦਮ ਵੀ ਉਠਾਏ ਜਾਂਦੇ ਰਹੇ ਹਨ।

ਉਂਜ ਵੀ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦਾ ਸੰਕਟ ਗੰਭੀਰ ਹੁੰਦਾ ਜਾ ਰਿਹਾ ਹੈ। ਪੰਜਾਬ ਹਰ ਸਾਲ 8.47 ਅਰਬ ਕਿਊਸਿਕ ਮੀਟਰ ਧਰਤੀ ਹੇਠਲੇ ਪਾਣੀ ਦਾ ਘਾਟਾ ਸਹਿ ਰਿਹਾ ਹੈ। ਇਹ ਉਹ ਪਾਣੀ ਹੈ, ਜੋ ਧਰਤੀ ਵਿੱਚ ਵਾਪਸ ਨਹੀਂ ਜਾ ਰਿਹਾ, ਸਗੋਂ ਹਮੇਸ਼ਾ ਲਈ ਖ਼ਤਮ ਹੋ ਰਿਹਾ ਹੈ। ਕੇਂਦਰ ਸਰਕਾਰ ਨੇ ਅਧਿਕਾਰਤ ਤੌਰ ’ਤੇ ਸੰਸਦ ਦੇ ਰਿਕਾਰਡ ਤੇ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਸੰਕਟ ਨੂੰ ਸਿੱਧੇ ਤੌਰ ’ਤੇ ਕਿਸਾਨਾਂ ਲਈ ਮੁਫ਼ਤ ਬਿਜਲੀ ਨੀਤੀ ਨਾਲ ਜੋੜ ਦਿੱਤਾ ਹੈ। ਕੇਂਦਰ ਨੇ ਸਪੱਸ਼ਟ ਤੌਰ ’ਤੇ ਕਹਿ ਰਿਹਾ ਹੈ ਕਿ ਜਦੋਂ ਤੱਕ ਪੰਜਾਬ ਮੁਫ਼ਤ ਬਿਜਲੀ ’ਤੇ ਮੁੜ ਵਿਚਾਰ ਨਹੀਂ ਕਰਦਾ, ਉਦੋਂ ਤੱਕ ਸੰਕਟ ਦਾ ਹੱਲ ਨਹੀਂ ਹੋ ਸਕਦਾ।

ਰਿਪੋਰਟ ਅਨੁਸਾਰ 27.66 ਅਰਬ ਕਿਊਸਿਕ ਮੀਟਰ ਪਾਣੀ ਧਰਤੀ ਹੇਠੋਂ ਕੱਢਿਆਂ ਜਾ ਰਿਹਾ ਹੈ, ਜਦਕਿ ਕੁਦਰਤੀ ਰੀਚਾਰਜ ਸਿਰਫ਼ 19.19 ਅਰਬ ਕਿਊਬਿਕ ਮੀਟਰ ਹੈ। ਇਕ ਸਰਵੇ ਅਨੁਸਾਰ ਪੰਜਾਬ ਖੇਤੀ ਲਈ 70 ਫ਼ੀਸਦ, ਘਰੇਲੂ ਵਰਤੋਂ ਲਈ 11 ਫ਼ੀਸਦ, ਉਦਯੋਗਾਂ ਹਿੱਤ 8 ਫ਼ੀਸਦ ਅਤੇ ਹੋਰ ਕਾਰਜਾਂ ਲਈ 5 ਫ਼ੀਸਦ ਪਾਣੀ ਦੀ ਵਰਤੋਂ ਕਰਦਾ ਹੈ। ਪੰਜਾਬ ਵਿੱਚ ਪਹਿਲਾਂ ਪਾਣੀ 8/10 ਫੁੱਟ ’ਤੇ ਮਿਲ ਜਾਂਦਾ ਸੀ ’ਤੇ ਫਿਰ 50/60 ਫੁੱਟ ’ਤੇ ਮਿਲਣ ਲੱਗਾ ਤੇ ਹੁਣ 150 ਫੁੱਟ ਤੋਂ ਹੇਠਾਂ ਸਬਮਰਸੀਬਲ ਪੰਪ ਨਾਲ ਕੱਢਿਆ ਜਾ ਰਿਹਾ ਹੈ।

ਇਕ ਰਿਪੋਰਟ ਅਨੁਸਾਰ ਜਿਹੜੇ ਮੁਲਕ ਸਾਲ 2030 ਤੱਕ ਗੰਭੀਰ ਜਲ ਸੰਕਟ ਦਾ ਸ਼ਿਕਾਰ ਹੋ ਜਾਣਗੇ, ਭਾਰਤ ਉਨ੍ਹਾਂ ਵਿਚੋਂ ਇਕ ਹੈ। ਭਾਰਤ ਦੇ ਜਿਨ੍ਹਾਂ 13 ਰਾਜਾਂ ਵਿਚ ਗੰਭੀਰ ਜਲ ਸੰਕਟ ਪਨਪ ਰਿਹਾ ਹੈ, ਪੰਜਾਬ ਉਨ੍ਹਾਂ ਵਿੱਚੋਂ ਇਕ ਹੈ। ਮੁਲਕ ਦੇ ਜਿਹੜੇ 258 ਜ਼ਿਲ੍ਹਿਆਂ ਵਿਚ ਗੰਭੀਰ ਜਲ ਸੰਕਟ ਹੋਣ ਜਾ ਰਿਹਾ ਹੈ, ਪੰਜਾਬ ਦੇ 17 ਜ਼ਿਲ੍ਹੇ ਉਨ੍ਹਾਂ ਵਿਚ ਸ਼ੁਮਾਰ ਹਨ। ਐੱਸ ਵਾਈ ਐੱਲ ਦੀ ਤਲਵਾਰ ਅਜੇ ਵੀ ਲਟਕ ਰਹੀ ਹੈ। ਨੈਸ਼ਨਲ ਗਰੀਨ ਟ੍ਰਿਬਿਊਨਲ ਅਨੁਸਾਰ ਪੰਜਾਬ ਦੇ ਜਲ ਵਹਿਣ ਸੁੱਕ ਚਲੇ ਹਨ। ਪੰਜ ਆਬਾਂ ਦੇ ਨਾਂਅ ਨਾਲ ਜਾਣੇ ਜਾਂਦੇ ਪੰਜਾਬ ਦੀਆਂ ਜਲਗਾਹਾਂ ਵਿੱਚ ਕੈਮੀਕਲ ਜਾਂ ਫੈਕਟਰੀਆਂ ਦਾ ਕੂੜਾ-ਕਬਾੜ ਸੁੱਟੇ ਜਾਣ ਕਾਰਨ ਪਰਵਾਸੀ ਪੰਛੀਆਂ ਨੇ ਸਾਡੀਆਂ ਜਲਗਾਹਾਂ ਤੋਂ ਮੂੰਹ ਮੋੜਨਾ ਸ਼ੁਰੂ ਕਰ ਦਿੱਤਾ ਹੈ। ਪਾਣੀ ਕੁਦਰਤ ਦਾ ਅਨਮੋਲ ਤੋਹਫਾ ਹੈ। ਪਾਣੀ ਦੀ ਹੋਂਦ ਕਾਰਨ ਹੀ ਇੱਥੇ ਜੀਵਨ ਸੰਭਵ ਹੈ। ਇਹ ਸ਼ੁੱਧ ਰੱਖਿਆ ਜਾ ਸਕਦਾ ਹੈ। ਬਚਾਇਆ ਜਾ ਸਕਦਾ ਹੈ। ਵਰਾਇਆ ਅਤੇ ਧਰਤੀ ’ਚ ਭੇਜਿਆ ਜਾ ਸਕਦਾ ਹੈ।

ਪਾਣੀ ਅਨੰਤ ਗੁਣ ਆਪਣੇ ਅੰਦਰ ਸਮੋਈ ਬੈਠਾ ਹੈ, ਪਰ ਇਨ੍ਹਾਂ ਵਿਚੋਂ ਇਕ ਅੱਧ ਗੁਣ ਵੀ ਸਾਡੇ ਕੋਲ ਨਹੀਂ। ਪਾਣੀ ਕੁਦਰਤ ਦਾ ਅਨਮੋਲ ਤੋਹਫਾ ਹੈ, ਇਸ ਦੀ ਕਰਦ ਕਰੀਏ। ਜਲ ਸੰਕਟ ਨਿਵਾਰਨ, ਭੌਂ-ਖੋਰ ਅਤੇ ਹੜ੍ਹਾਂ ਦੀ ਰੋਕਥਾਮ ਦਾ ਰਾਮ ਬਾਣ ਇਹੀ ਹੈ। ਜੇ ਮਿੱਟੀ ਅਤੇ ਬਾਣੀ ਹੈ, ਤਦ ਹੀ ਬਨਸਪਤੀ ਹੈ। ਜੰਗਲ ਵਰਖਾ ਦੇ ਸਾਕਸ਼ੀ ਹਨ। ਵਰਖਾ ਪਾਣੀ ਦਾ ਮੁੱਢਲਾ ਸੋਮਾ ਹੈ। ਮਿੱਟੀ ਅਤੇ ਪਾਣੀ ਜੀਵਨ ਦੇ ਧਰੋਹਰ ਹਨ। ਪਾਣੀ ਸੌ ਫ਼ੀਸਦ ਕੁਦਰਤੀ ਨਿਆਮਤ ਹੈ, ਇਹ ਬਣਾਇਆ ਨਹੀਂ ਜਾ ਸਕਦਾ। ਇਸ ਦੀ ਸੰਜਮ ਅਤੇ ਭਲੀ ਵਰਤੋਂ ਕੀਤੀ ਜਾ ਸਕਦੀ ਹੈ। ਪਾਣੀ ਦੀ ਸੰਭਾਲ ਬਾਰੇ ਵਿਸ਼ੇ ਨੂੰ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਸਿਲੇਬਸ ਦਾ ਹਿੱਸਾ ਬਣਾਉਣਾ ਚਾਹੀਦਾ ਹੈ।

ਖੇਤੀ ਪੰਜਾਬ ਦੀ ਸਾਹ ਰੰਗ ਹੈ, ਇਸ ਦਾ ਜ਼ਿੰਦਾ ਰਹਿਣਾ ਬੇਹੱਦ ਜ਼ਰੂਰੀ ਹੈ। ਜਿੰਨਾ ਛੇਤੀ ਹੋ ਸਕੇ, ਬਹੁਪਰਤੀ ਖੇਤੀਕਰਨ ਅਤੇ ਫ਼ਸਲੀ ਚੱਕਰ ਬਦਲਣ ਦੀ ਲੋੜ ਹੈ। ਜਿਸ ਲਈ ਹਰ ਤਰ੍ਹਾਂ ਦੀ ਪੈਦਾਵਾਰ ਦੀ ਯਕੀਨੀ ਖਰੀਦ ਅਤੇ ਵਾਜਬ ਮੁੱਲ ਨਿਰਧਾਰਤ ਕਰਨੇ ਚਾਹੀਦੇ ਹਨ। ਪਹਿਲਾਂ ਪਾਣੀ ਜੀਉ ਹੈ, ਜਿਤੁ ਹਰਿਆ ਸਭੁ ਕੋਇ ॥ ਦੇ ਮਹਾਂਵਾਕ ਅਨੁਸਾਰ ਪਾਣੀਆਂ ਦੇ ਸਰੋਤਾਂ ਦੀ ਸਾਂਭ-ਸੰਭਾਲ ਨਾਲ ਹੀ ਹਰ ਜੀਵ ਜਿਊਂਦਾ ਹੈ।

**# ਸੰਪਰਕ : 98146-62260**

